# Ambedkar Times

Editor-in-Chief: Prem Kumar Chumber Contact: 001-916-947-8920 Fax: 916-238-1393 E-mail: chumbermedia@yahoo.com

VOL- 11 ISSUE- 48 February 12, 2020 www.ambedkartimes.com www.ambedkartimes.org


## CONGRATULATIONS ON 643rd THE BIRTH ANNIVERSARY OF SAHIB SRI SATGURU RAVIDASS JI


**Prem K. Chumber**
**Editor-In-Chief: www.ambedkartimes.com**


Sri Guru Ravidass Ji Maharaj, whose 643rd birth anniversary is being celebrated throughout the world on February 9th, was a great Guru of medieval Bhakti movement of North India. He belonged to the lowest of the low castes in India whose touch used to be considered polluting to the So Called Savarnas. He opened a frontal attack against the system of Untouchability. He rejected the tradition of Brahmin mediator to reach the Supreme Being. He also said that one need not to hide his caste or leave his low profession to reach God. He became a model for his fellow beings to overcome the hierarchical barriers of Brahminical Social Order and to establish Begumpura - a state without fear and sorrows. Guru Ravidass elevated the status of the Labour by emphasizing on the fact that honest Labour is empowering. He completely rejected the concept of living on charity or miraculous wealth obtained by Paras.

By defeating the famous Kashi Pundits in a formally organized Shastrartha, Guru Ravidass proved that merit is not the fiefdom of so called upper castes alone. Everybody is capable of worshipping Him. The fourfold division of Hindu society is a big lie and a trick to make and keep a large section of the Indian society under the cruelty and control of the few in the name of purity-pollution principle made by the so-called Brahmins. It is against this very system of religiously sanctified social differentiation that Guru Ravidass envisioned establishing a state where there would be no place for untouchability and social oppression.

For the social transformation of the society, Guru Ravidass laid emphasis on Labour, compassion, virtue, prohibition of alcohol and all bad deeds. He also reiterated on the urgent need of remembering the formless God whom he addressed by varied names. Some scholars are of the view that Guru Ravidass did not form an organization nor he launched any consistent and systematic agitation against the system of untouchability. This is true. But to raise a loud voice at his times was no less than a clarion call to dismantle the unjust system of Brahminical social order. It is also true that the path told by him has become the beacon light for the Dalit movement in the country and abroad.

# 643rd Birth Anniversary Celebrations of Guru Ravidass Ji in Pittsburg California







Sri Guru Ravidass Sabha Pittsburg, California celebrated 643rd Prakash Utsav of Sri Guru Ravidass Ji Maharaj on February 9th, 2020 (Sunday) at its temple in Pittsburg with a spirit of dedication and enthusiasm. Three days recitation of Akhand Path ended with Bhog ceremony on February 9th, 2020. Approximately Five thousand devotees from all parts of California participated in this historic and auspicious occasion which was hosted jointly and voluntarily by Sangat.

On February 8th, 2020 (Saturday) Nishan Sahib Ceremony (changing Guru Sahib's Chola) was also performed by Sangat with devotion. The Sewa was hosted by Mr. Narinder Chahal, Mrs. Jasvir Chahal and family. Smt. Sumati Rao Consul (Community Affairs) representing the Consulate General of India, San Francisco dignified the celebrations with her presence and addressing the audience with the divine and righteous message of Guru Ravidass Ji. She was honored by Guru Ghar with a Siropa.

Bhai Gurnam Singh Ji accompanied by Bhai Om Pal Singh (Jatha Guru Ghar) followed by Jatha, Bhai Bhupinder Singh embellished the occasion with their melodious Shabad Kirtan.

Internationally renowned Shabad Kirtankar Bhai Harjinder Singh Ji (Sri Nagar Wale) with his Jatha who was the main attraction of the function conveyed Guru Ravidass Ji's spiritual message of universal brotherhood, truthfulness and godliness with their splendid performance and melodious Shabad Kirtan keeping the Sangat spell-bound for about 90 minutes. They were honored for their participation and performance by Guru Ghar with Siropas. Bibi Kamaljit Kaur Bhatia accompanied by Mr. Joginder Singh Delhi wale, Bibi Satnam Kaur and Bhai Karnail Jaggi also shared their Shabad Kirtan with the Sangat.

Mr. Dilbag Singh Ex-General Secretary of the Sabha, Mr. Dharam Paul Chonkria, current General Secretary helped by Mr. O.P. Balley Founder Member of the Sabha ran the proceedings of the function from the stage.

Mr. Prem Kumar Chumber, Chief Editor Desh Doaba and Ambedkar Times provided pictorial, journalistic and live video coverage to the event for two days on February 8th and 9th, 2020. He was also honored with a Siropa for his devoted services. All the Sewadars who volunteered their services by installing food stalls, organizing Blood donation camp and helping in regulating traffic were also recognized and honored with Siropas.

All the representatives of the Sri Guru Ravidass Sabha (S) California were also honored with Siropas by the Sri Guru Ravidass Sabha Pittsburg (California). Mr. Ricky Pal (Pal Films) and Mr. Jagtar Jaggi (Jus Punjabi) also provided videos and photographic coverage of the function.

With Guru Ji's blessings and co-operation of Sangat the entire event, in spite of windy weather conditions, was a magnificent success without any untoward incident.

The Managing Committee is again very grateful to the entire Sangat for their help, co-operation and generous donations to help keeping the Guru Ghar in Chardi Kala.



**O.P. Balley**
**Founder Member of**
**Sri Guru Ravidass Sabha**
**Pittsburg (CA)**

# 643rd Birth Anniversary Celebrations of Guru Ravidass Ji in Pittsburg California
























# 643rd Birth Anniversary Celebrations of Guru Ravidass Ji in Pittsburg California













All pictures by Prem Kumar Chumber Ambedkar Times



























# 643rd Birth Anniversary Celebrations of Guru Ravidass Ji in Pittsburg California
































All pictures by Prem Kumar Chumber Ambedkar Times







# 643rd Birth Anniversary Celebrations of Guru Ravidass Ji in Pittsburg California










All pictures by Prem Kumar Chumber Ambedkar Times













# 643rd Birth Anniversary Celebrations of Guru Ravidass Ji in Pittsburg California














All pictures by Prem Kumar Chumber Ambedkar Times












SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 44
Feburary 12, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ






ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਨਕ ਅਤੇ ਉਤਸ਼ਾਹ ਨਾਲ ਮਨਾਇਆ ਗਿਆ।
**( 6 ਸਫਿਆਂ ਦੀ ਰਿਪੋਰਟ 'ਅੰਬੇਦਕਰ ਟਾਈਮਜ਼ ਵਿਚ ਦੇਖੋ)**



ਭਾਰਤੀ ਅੰਬੈਸਡਰ ਤਰਨਜੀਤ ਸਿੰਘ ਸੰਧੂ ਵਲੋਂ ਅੰਬੈਸਡਰ ਹਾਊਸ ਤੇ 'ਸਵਾਗਤੀ ਜੀ ਆਇਆਂ ਮਿਲਣੀ' ਦਾ ਆਯੋਜਨ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 9 'ਤੇ)**

# ਦਿੱਲੀ 'ਚ ਪ੍ਰਚੰਡ ਬਹੁਮਤ ਨਾਲ ਆਪ ਮੁੜ ਸੱਤਾ 'ਚ ਆਈ

## 70 'ਚੋਂ 62 ਸੀਟਾਂ 'ਤੇ ਕਬਜ਼ਾ, ਭਾਜਪਾ ਨੂੰ ਸਿਰਫ਼ 8 ਸੀਟਾਂ, ਕਾਂਗਰਸ ਖਾਲੀ

ਨਵੀਂ ਦਿੱਲੀ (ਬਿਊਰੋ)- ਦਿੱਲੀ ਦੀਆਂ 70 ਸੀਟਾਂ 'ਤੇ ਨਤੀਜੇ ਐਲਾਨੇ ਜਾ ਚੁੱਕੇ ਹਨ। ਆਮ ਆਦਮੀ ਪਾਰਟੀ 62 ਵਿਧਾਨ ਸਭਾ ਸੀਟਾਂ 'ਤੇ ਜਿੱਤ ਦਰਜ ਕਰ ਚੁੱਕੀ ਹੈ। ਭਾਜਪਾ 8 ਸੀਟਾਂ 'ਤੇ ਜੇਤੂ ਹੋਈ ਹੈ। ਰੋਹਿਣੀ ਤੋਂ ਭਾਜਪਾ ਦੇ ਵਿਜੇਂਦਰ ਗੁਪਤਾ 12,900 ਵੋਟਾਂ ਨਾਲ ਜਿੱਤ ਗਏ ਹਨ। ਕਰਾਵਲ ਨਗਰ ਤੋਂ ਭਾਜਪਾ ਉਮੀਦਵਾਰ ਮੋਹਨ ਸਿੰਘ ਬਿਸ਼ਟ ਦੀ ਜਿੱਤ ਹੋਈ ਹੈ। ਉੱਥੇ ਹੀ ਘੋਂਡਾ ਤੋਂ ਭਾਜਪਾ ਉਮੀਦਵਾਰ ਅਜੈ ਮਹਾਵਰ ਜਿੱਤੇ। ਅਜੈ ਭਾਜਪਾ ਦੇ ਉੱਤਰੀ-ਪੂਰਬੀ ਜ਼ਿਲ੍ਹੇ ਦੇ ਜ਼ਿਲ੍ਹਾ ਪ੍ਰਧਾਨ ਹਨ। ਹਾਲਾਂਕਿ, ਫਿਲਹਾਲ ਅਧਿਕਾਰਤ ਐਲਾਨ ਬਾਕੀ ਹੈ। ਅਜੈ ਜੀਵਨ 'ਚ ਪਹਿਲੀ ਵਾਰ ਵਿਧਾਇਕ ਦੀ ਚੋਣ ਲੜੇ ਸਨ।



**ਭਾਜਪਾ ਲਈ ਡੂੰਘੇ ਮੰਥਨ ਦਾ ਵਿਸ਼ਾ ਹੈ ਦਿੱਲੀ ਚੋਣਾਂ**

ਕੇਂਦਰੀ ਪੱਧਰ ਦੇ ਅਹਿਮ ਆਗੂਆਂ, ਸੈਂਕੜੇ ਭਾਜਪਾ ਸੰਸਦ ਮੈਂਬਰਾਂ ਦੇ ਘਰ-ਘਰ ਮੁਹਿੰਮ, ਰਾਸ਼ਟਰੀ ਸੁਰੱਖਿਆ ਅਤੇ ਸ਼ਾਹੀਨ ਬਾਗ਼ ਦੇ ਮੁੱਦੇ ਦੇ ਬਾਵਜੂਦ ਭਾਜਪਾ ਦਿੱਲੀ ਵਿਧਾਨ ਸਭਾ ਚੋਣਾਂ 'ਚ ਦੋ ਅੰਕਾਂ ਤਕ ਨਹੀਂ ਪਹੁੰਚ ਸਕੀ। ਇਹ ਪ੍ਰਦਰਸ਼ਨ ਭਾਜਪਾ ਲਈ ਡੂੰਘੇ ਮੰਥਨ ਦਾ ਵਿਸ਼ਾ ਹੈ, ਕਿਉਂਕਿ 2015 ਦੇ ਨਤੀਜਿਆਂ ਨੂੰ ਭਾਜਪਾ ਇਹ ਕਹਿ ਕੇ ਮਨ ਬਹਿਲਾਉਂਦੀ ਰਹੀ ਸੀ ਕਿ ਜਨਤਾ ਨੇ ਉਸ ਨੂੰ ਇਕ ਪ੍ਰਯੋਗ ਦੇ ਤੌਰ 'ਤੇ ਲਿਆ ਸੀ। ਅੰਦੋਲਨ ਤੋਂ ਬਾਅਦ ਜਨਮੀ ਪਾਰਟੀ ਨੂੰ ਮੌਕਾ ਦਿੱਤਾ ਸੀ ਪਰ ਇਸ ਵਾਰ ਜਨਤਾ ਨੇ ਜੋ ਫ਼ੈਸਲਾ ਕੀਤਾ, ਉਹ ਤਾਂ ਅਜਮਾਉਣ ਤੋਂ ਬਾਅਦ ਕੀਤਾ ਹੈ। ਭਾਜਪਾ ਦਾ ਇਹ ਵੀ ਦਾਅਵਾ ਰਿਹਾ ਹੈ ਕਿ ਸੁਸ਼ਾਸਨ ਸਿਰਫ਼ ਭਾਜਪਾ ਸ਼ਾਸਤ ਰਾਜਾਂ 'ਚ ਹੈ। ਉੱਥੇ ਦੂਜੇ ਪਾਸੇ ਜਿੱਥੇ ਝੁੱਗੀ, ਉੱਥੇ ਮਕਾਨ, ਗ਼ੈਰ ਕਾਨੂੰਨੀ ਮਕਾਨਾਂ ਨੂੰ ਕਾਨੂੰਨੀ ਕਰਨ ਦਾ ਵੱਡਾ ਦਾਅ ਫੇਲ੍ਹ ਹੋ ਗਿਆ।

# ਐੱਸਸੀ/ਐੱਸਟੀ ਐਕਟ: ਸੁਪਰੀਮ ਕੋਰਟ ਵੱਲੋਂ ਸੋਧ 'ਤੇ ਮੋਹਰ

**ਨਵੀਂ ਦਿੱਲੀ (ਬਿਊਰੋ)-** ਸੁਪਰੀਮ ਕੋਰਟ ਨੇ ਐੱਸਸੀ/ਐੱਸਟੀ ਸੋਧ ਐਕਟ-2018 ਦੀ ਸੰਵਿਧਾਨਕ ਵੈਧਤਾ 'ਤੇ ਮੋਹਰ ਲਾ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਕੋਈ ਅਦਾਲਤ ਸਿਰਫ਼ ਅਜਿਹੇ ਕੇਸਾਂ ਵਿਚ ਅਗਾਊਂ ਜ਼ਮਾਨਤ ਦੇ ਸਕਦੀ ਹੈ ਜਿੱਥੇ ਪਹਿਲੀ ਨਜ਼ਰੇ ਕੋਈ ਕੇਸ ਨਾ ਬਣਦਾ ਹੋਵੇ। ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਐਕਟ ਮੁਤਾਬਕ ਐ-ਫਆਈਆਰ ਦਰਜ ਕਰਨ ਤੋਂ ਪਹਿਲਾਂ ਮੁੱਢਲੀ ਜਾਂਚ ਲਾਜ਼ਮੀ ਨਹੀਂ ਹੈ, ਨਾ ਹੀ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਪ੍ਰਵਾਨਗੀ ਜ਼ਰੂਰੀ ਹੈ। ਬੈਂਚ ਦੇ ਇਕ ਹੋਰ ਮੈਂਬਰ ਜਸਟਿਸ ਰਵਿੰਦਰ ਭੱਟ ਨੇ ਕਿਹਾ ਕਿ ਹਰੇਕ ਨਾਗਰਿਕ ਨੂੰ ਸਾਥੀ ਨਾਗਰਿਕਾਂ ਨਾਲ ਇਕੋ ਜਿਹਾ ਵਿਹਾਰ ਕਰਨ ਦੀ ਲੋੜ ਹੈ ਤੇ ਭਾਈਚਾਰੇ ਦੇ ਸਿਧਾਂਤ ਨੂੰ ਪਹਿਲ ਦਿੱਤੀ ਜਾਵੇ। ਜਸਟਿਸ ਭੱਟ ਨੇ ਕਿਹਾ ਕਿ ਇਕ ਅਦਾਲਤ ਐੱਫਆਈਆਰ ਰੱਦ ਕਰ ਸਕਦੀ ਹੈ ਜੇ ਪਹਿਲੀ ਨਜ਼ਰੇ ਐੱਸਸੀ-ਐੱਸਟੀ ਐਕਟ ਤਹਿਤ ਕੇਸ ਨਾ ਬਣਦਾ ਲੱਗੇ। ਅਜਿਹੇ ਕੇਸਾਂ ਵਿਚ ਅਗਾਊਂ ਜ਼ਮਾਨਤ ਦੀ ਆਜ਼ਾਦਾਨਾ ਵਰਤੋਂ ਸੰਸਦ ਵੱਲੋਂ ਲਾਗੂ ਮੰਤਵਾਂ ਨੂੰ ਹਰਾਉਣ ਵਾਲੀ ਨਹੀਂ ਹੋਣੀ ਚਾਹੀਦੀ। ਸਿਖ਼ਰਲੀ ਅਦਾਲਤ ਦਾ ਇਹ ਫ਼ੈਸਲਾ ਐੱਸਸੀ-ਐੱਸਟੀ ਸੋਧ ਐਕਟ-2018 ਦੀ ਵੈਧਤਾ ਖ਼ਿਲਾਫ਼ ਦਾਇਰ ਪਟੀਸ਼ਨਾਂ 'ਤੇ ਆਇਆ ਹੈ। ਇਹ ਸੋਧ ਐਕਟ ਸੁਪਰੀਮ ਕੋਰਟ ਦੀ 2018 ਦੇ ਹੀ ਹੁਕਮਾਂ ਦੇ ਪ੍ਰਭਾਵਾਂ ਦਾ ਅਸਰ ਘਟਾਉਣ ਲਈ ਲਿਆਂਦਾ ਗਿਆ ਸੀ। ਸੁਪਰੀਮ ਕੋਰਟ ਦੇ 2018 'ਚ ਇਕ ਫ਼ੈਸਲੇ ਨਾਲ ਸਖ਼ਤ ਐਕਟ ਦੀਆਂ ਤਜਵੀਜ਼ਾਂ ਨਰਮ ਪੈ ਗਈਆਂ ਸਨ। ਸੁਪਰੀਮ ਕੋਰਟ ਨੇ ਐੱਸਸੀ-ਐੱਸਟੀ ਐਕਟ ਵਿਚ 2018 'ਚ ਕੀਤੀਆਂ ਸੋਧਾਂ ਉਤੇ ਪਿਛਲੇ ਸਾਲ ਜਨਵਰੀ 'ਚ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਨਾਲ ਉਹ ਤਜਵੀਜ਼ ਬਹਾਲ ਹੋ ਗਈ ਸੀ, ਜਿਸ 'ਚ ਮੁਲਜ਼ਮ ਨੂੰ ਇਸ ਐਕਟ ਅਧੀਨ ਅਗਾਊਂ ਜ਼ਮਾਨਤ ਨਾ ਮਿਲਣਾ ਸ਼ਾਮਲ ਹੈ। ਦੱਸਣਯੋਗ ਹੈ ਕਿ 2018 ਦੇ ਫ਼ੈਸਲੇ 'ਚ ਸਿਖ਼ਰਲੀ ਅਦਾਲਤ ਨੇ ਐੱਸਸੀ-ਐੱਸਟੀ ਐਕਟ ਦੀ ਵੱਡੇ ਪੱਧਰ 'ਤੇ ਸਰਕਾਰੀ ਮੁਲਾਜ਼ਮਾਂ ਤੇ ਹੋਰਾਂ ਖ਼ਿਲਾਫ਼ ਦੁਰਵਰਤੋਂ ਦਾ ਨੋਟਿਸ ਲਿਆ ਸੀ। ਅਦਾਲਤ ਨੇ ਕਿਹਾ ਸੀ ਕਿ ਇਸ ਐਕਟ ਅਧੀਨ ਸ਼ਿਕਾਇਤ ਮਿਲਣ 'ਤੇ ਤੁਰੰਤ ਗ੍ਰਿਫ਼ਤਾਰੀ ਨਹੀਂ ਹੋਵੇਗੀ। ਫ਼ੈਸਲੇ ਤੋਂ ਬਾਅਦ ਪੂਰੇ ਦੇਸ਼ ਵਿਚ ਹਿੰਸਕ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ। ਸੰਸਦ ਨੇ 9 ਅਗਸਤ, 2018 ਨੂੰ ਇਕ ਬਿੱਲ ਪਾਸ ਕਰ ਕੇ ਸੁਪਰੀਮ ਕੋਰਟ ਦਾ 20 ਮਾਰਚ, 2018 ਦਾ ਫ਼ੈਸਲਾ ਪਲਟਾ ਦਿੱਤਾ ਸੀ।




Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539





ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ

ਗੁਰੂ ਪਿਆਰੀ ਸਾਧ ਸੰਗਤ ਜੀ, ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਗੁਰੂ ਘਰ ਵਿਖੇ ਮਨਾਏ ਜਾ ਰਹੇ ਹਨ, ਜਿਸ ਵਿਚ 21 ਫਰਵਰੀ 2020 ਨੂੰ ਧੁਰ ਕੀ ਬਾਣੀ ਆਈ, ਦੇ ਅਖੰਡ ਪਾਠ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 23 ਫਰਵਰੀ ਦਿਨ ਐਤਵਾਰ ਨੂੰ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰਬਾਣੀ ਸਰਬਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।ਹੋਰ ਜਾਣਕਾਰੀ ਲਈ ਸੰਪਰਕ ਕਰੋ: S. Gurnam Singh Bhandal (530) 218-4468, S. Shingara Singh Ralh (530) 713-1823.

ਗੁਰੂ ਪਿਆਰੀ ਸਾਧ ਸੰਗਤ ਜੀ, ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਨੂੰ ਸਮਰਪਿਤ 23 ਜਨਵਰੀ ਤੋਂ ਪ੍ਰਭਾਤ ਫੇਰੀਆਂ ਆਰੰਭ ਕੀਤੀਆਂ ਹੋਈਆਂ ਸਨ, ਜਿਹਨਾਂ ਦੀ ਸਮਾਪਤੀ 8 ਫਰਵਰੀ ਨੂੰ ਕੀਤੀ ਗਈ ਅਤੇ ਸ਼ੁਕਰਾਨੇ ਵਜੋਂ ਗੁਰੂ ਘਰ ਵਿਖੇ ਅਖੰਡ ਪਾਠ 7 ਫਰਵਰੀ ਨੂੰ ਆਰੰਭ ਕੀਤੇ ਗਏ। 8 ਫਰਵਰੀ ਦੀ ਰਾਤ 6 ਵਜੇ ਤੋਂ ਰਾਤੀ 12 ਵਜੇ ਤੱਕ ਰੈਣ ਸਬਾਈ ਕੀਰਤਨ ਦਰਬਾਰ ਕਰਵਾਏ ਗਏ ਅਤੇ 9 ਤਾਰੀਖ ਨੂੰ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਕੀਰਤਨ ਦਰਬਾਰ ਕਰਵਾਏ ਗਏ, ਜਿਸ ਵਿਚ ਵੱਖ ਵੱਖ ਕੀਰਤਨੀ ਜਥਿਆਂ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਗੁਰੂ ਕੀ ਸਾਜੀ-ਨਿਵਾਜੀ ਸਾਧ ਸੰਗਤ ਜੀ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਏ ਜਾ ਰਹੇ ਹਨ, ਜਿਸ ਵਿਚ 14 ਫਰਵਰੀ ਦਿਨ ਸ਼ੁੱਕਰਵਾਰ ਨੂੰ ਧੁਰ ਕੀ ਬਾਣੀ ਆਈ ਜਿਨ ਸਗਲੀ ਚਿੰਤ ਮਿਟਾਈ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ, ਜਿਹਨਾਂ ਦੇ ਭੋਗ 16 ਫਰਵਰੀ ਦਿਨ ਐਤਵਾਰ ਨੂੰ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ ਜੀ। ਰਾਗੀ ਜਥੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਵਿਖੇ ਹਾਜ਼ਰੀ ਭਰ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਹੋਰ ਜਾਣਕਾਰੀ ਲਈ ਸੰਪਰਕ ਕਰੋ: Gurnam Singh Bhandal (530) 218-4468, S. Shingara Singh Ralh (530) 713-1823.












# ਗੁਰੂ ਘਰ ਦਾ ਸਥਾਪਨਾ ਦਿਵਸ 16 ਫਰਵਰੀ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ ਜੀ

## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 643ਵੇਂ ਗੁਰਪੁਰਬ ਗੁਰੂ ਘਰ ਵਿਖੇ 23 ਫਰਵਰੀ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ-**

**S. Gurnam Singh Bhandal (530) 218-4468, S. Shingara Singh Ralh (530) 713-1823**

**1480 HAYNE AVENUE, YUBA CITY, CA 95993 (530-674-2564)**



ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

ਆਪ ਸਭ ਨੂੰ ਇਹ ਜਾਣ ਕੇ ਬਹੁਤ ਹੀ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸਤਿਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ 28 ਫਰਵਰੀ 2020 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਰੱਖੇ ਜਾਣਗੇ ਅਤੇ ਭੋਗ 1 ਮਾਰਚ 2020 ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ।

ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ। ਇਸ ਮੌਕੇ ਡਾ. ਸਤਨਾਮ ਬੰਗੜ ਅਤੇ ਉਹਨਾਂ ਦੀ ਸੁਪਤਨੀ ਡਾ. ਪ੍ਰੋਮਿਲਾ ਬੰਗੜ ਵੱਲੋਂ ਖੂਨਦਾਨ ਕੈਂਪ ਅਤੇ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।
ਨਿਸ਼ਾਨ ਸਾਹਿਬ ਦੀ ਸੇਵਾ 29 ਫਰਵਰੀ ਦਿਨ ਸ਼ਨਿਚਰਵਾਰ ਨੂੰ ਸ਼ਾਮੀ 5 ਵਜੇ ਹੋਵੇਗੀ।
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਵੱਧ-ਚੜ੍ਹ ਕੇ ਆਪਣੀਆਂ ਹਾਜ਼ਰੀਆਂ ਭਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਰਾਮ ਸਿੰਘ ਜੀ ਨਾਲ 559-486-3091 'ਤੇ ਸੰਪਰਕ ਕਰੋ ਜੀ**

**ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) 5025 S. CHERY AVE., FRESNO (CALIFORNIA) 93706**



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਹਰਮੇਸ਼ ਬੰਗੜ ਅਤੇ ਸ੍ਰੀਮਤੀ ਸ਼ੰਕੁਤਲਾ ਬੰਗੜ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਦਾ 643ਵਾਂ ਗੁਰਪੁਰਬ ਮਨਾਏ ਜਾਣ ਦੀਆਂ ਸਮੂਹ ਗੁਰੂ ਗ੍ਰੰਥ ਸਾਹਿਬ ਨਾਮ ਲੇਵਾ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ ਸਮੂਹ ਗੁਰੂ ਸਾਹਿਬਾਨ ਨੂੰ ਕੋਟਿਨ ਕੋਟਿ ਪ੍ਰਣਾਮ।

**Mr. Harmesh Bangar & Mrs. Shakuntala Bangar**
**And Bangar Family**



# 'ਸਾਂਝੀ ਸੋਚ' ਅਖਬਾਰ ਦਾ ਸਲਾਨਾ ਸਮਾਗਮ ਯਾਦਗਾਰੀ ਹੋ ਨਿਬੜਿਆ





**ਟਰੇਸੀ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕੈਲੀਫੋਰਨੀਆ ਵਿੱਚ ਛਪਦੇ ਹਫਤਾਵਾਰੀ 'ਸਾਂਝੀ ਸੋਚ' ਅਖਬਾਰ ਦੇ ਮੁੱਖ ਸੰਪਾਦਕ ਅਤੇ ਪ੍ਰਬੰਧਕ ਬੂਟਾ ਸਿੰਘ ਬਾਸੀ ਵੱਲੋਂ ਆਪਣੇ ਅਖਬਾਰ ਦੀ ਸਫਲਤਾ 'ਤੇ ਸੱਤਵਾਂ ਸਲਾਨਾ ਪ੍ਰੋਗਰਾਮ ਬਹੁਤ ਸਫਲਤਾ ਨਾਲ ਟਰੇਸੀ ਸ਼ਹਿਰ ਵਿੱਚ ਕਰਵਾਇਆ ਗਿਆ। ਜਿਸ ਵਿੱਚ ਬਹੁਤ ਸਾਰੀਆਂ ਪੰਜਾਬੀ ਮੀਡੀਆ ਨੂੰ ਪਿਆਰ ਕਰਨ ਵਾਲੀਆ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਜਿਸ ਦੌਰਾਨ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਦਾ ਸਨਮਾਨ ਅਤੇ ਧੰਨਵਾਦ ਕੀਤਾ ਗਿਆ। ਇਸ ਦੌਰਾਨ ਮੰਨੋਰੰਜਨ ਲਈ ਗੀਤ-ਸੰਗੀਤ ਦਾ ਵੀ ਉਚੇਚਾ ਪ੍ਰਬੰਧ ਕੀਤਾ ਗਿਆ ਸੀ। ਜਿਸ ਵਿੱਚ ਗਾਇਕ ਜੀਤਾ ਗਿੱਲ ਅਤੇ ਗਾਇਕਾ ਸਾਰਿਕਾ ਗਿੱਲ ਤੋਂ ਇਲਾਵਾ ਬਹੁਤ ਸਾਰੇ ਗਾਇਕਾ ਨੇ ਰੌਣਕਾਂ ਲਾਈਆ। ਮਡੈਸ਼ਟੋ ਸ਼ਹਿਰ ਦੇ ਵਸਨੀਕ ਕੌਂਸ਼ਲ ਮੈਂਬਰ ਅਤੇ ਸੈਨਿਟ ਡਿਸਟ੍ਰਕਟ 5 ਦੇ ਅਗਲੇ ਉਮੀਦਵਾਰ ਮਨੀ ਗਰੇਵਾਲ ਨੇ ਵੀ ਬੋਲਦੇ ਹੋਏ ਆਪਣੀ ਹਾਜ਼ਰੀ ਭਰੀ ਅਤੇ ਆਉਣ ਵਾਲੀਆ ਚੋਣਾਂ ਵਿੱਚ ਸਹਿਯੋਗ ਦੀ ਮੰਗ ਕੀਤੀ। ਇਸ ਤੋਂ ਇਲਾਵਾ ਪ੍ਰੋਗਰਾਮ ਦੌਰਾਨ ਸ. ਪਰਮਜੀਤ ਸਿੰਘ ਸੇਖੋ ਦਾਖਾਂ, ਡਾ. ਦਲਵੀਰ ਪੰਨੂੰ, ਫਰਿਜ਼ਨੋ ਤੋਂ ਇੰਡੀਅਨ ਕਾਂਗਰਸ ਉਵਰਸੀਅ ਦੇ ਪ੍ਰਧਾਨ ਪਾਲ ਸਹੋਤਾ ਅਤੇ ਬਹੁਤ ਸਾਰੇ ਬੁਲਾਰਿਆਂ ਨੇ ਬੋਲਦੇ ਹੋਏ ਅਦਾਰਾ 'ਸਾਂਝੀ ਸੋਚ' ਨੂੰ ਵਧਾਈ ਦਿੱਤੇ। ਬੇਸ਼ੱਕ ਸਮੇਂ ਦੀ ਘਾਟ ਹੋਣ ਕਰਕੇ ਬਹੁਤ ਸਾਰੇ ਬੁਲਾਰਿਆਂ ਨੂੰ ਸਮਾਂ ਨਹੀ ਮਿਲਿਆਂ, ਪਰ ਪ੍ਰੋਗਰਾਮ ਦਾ ਅਨੰਦ ਹਾਜ਼ਰ ਸਥਾਨਿਕ ਮੀਡੀਏ ਨਾਲ ਸੰਬੰਧਤ ਪੱਤਰਕਾਰਾਂ ਨੇ ਹਾਜ਼ਰੀਨ ਨਾਲ ਰਲਕੇ ਖੂਬ ਮਾਣਿਆਂ। ਇਸ ਸਮੇਂ ਪੁਸਤਕ ਡਾ. ਦਲਵੀਰ ਪੰਨੂੰ ਦੀ ਪੁਸਤਕ 'ਦਾ ਸਿੱਖ ਹੈਰੀਟੇਜ਼' ਰਿਲੀਜ਼ ਕਰਨ ਤੌਂ ਇਲਾਵਾ ਰਾਜਨੀਤਿਕ ਅਤੇ ਧਾਰਮਿਕ ਸੰਸਥਾਵਾਂ ਦੇ ਆਗੂਆ ਨੇ ਵਿਚਾਰਾ ਦੀ ਸਾਂਝ ਪਾਈ। ਹਾਜ਼ਰੀਨ ਲਈ ਸੁਆਦਿਸ਼ਟ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਲਾਕੇ ਦੀਆ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਬੂਟਾ ਸਿੰਘ ਬਾਸੀ ਨੂੰ ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਪੰਜਾਬੀਅਤ ਦੇ ਮਾਣ ਬੀਬੀ ਆਸ਼ਾ ਸਰਮਾਂ ਨੇ ਬਾਖੂਬੀ ਸਾਇਰਾਨਾ ਅੰਦਾਜ ਵਿੱਚ ਕੀਤਾ। ਜਦ ਕਿ ਇਸ ਦੌਰਾਨ ਸਮੇਂ-ਸਮੇਂ ਬੂਟਾ ਬਾਸੀ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ। ਅੰਤ ਵਿੱਚ ਫਰੀ ਰੈਂਫਲ ਡਰਾਅ ਕੱਢੇ ਗਏ ਅਤੇ ਬੂਟਾ ਸਿੰਘ ਬਾਸੀ ਨੇ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਅਦਾਰਾ ਸਾਂਝੀ ਸੋਚ ਅਤੇ ਬੂਟਾ ਸਿੰਘ ਵਧਾਈ ਦੇ ਪਾਤਰ ਹਨ।

# ਨਿਊਯਾਰਕ ਦੀਆਂ ਸਾਹਿਤ ਸਭਾਵਾਂ ਵੱਲੋਂ ਕੰਵਲ, ਟਿਵਾਣਾ, ਖਾਮੋਸ਼ ਅਤੇ ਹਾਂਸ ਨੂੰ ਸ਼ਰਧਾਂਜਲੀ

**ਨਿਊ ਯਾਰਕ (ਬਿਊਰੋ-** ਪਿਛਲੇ ਕੁਝ ਦਿਨਾਂ ਵਿਚ ਹੀ ਪੰਜਾਬੀ ਸਾਹਿਤ ਦੇ ਡਿਗ ਪਏ ਚਾਰ ਥੰਮਾਂ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਇੰਦਰ ਸਿੰਘ ਖਾਮੋਸ਼ ਅਤੇ ਸੁਰਜੀਤ ਹਾਂਸ ਨੂੰ ਸ਼ਰਧਾਂਜਲੀ ਦੇਣ ਲਈ ਨਿਊ ਯਾਰਕ ਦੀ ਸਾਹਿਤ ਸਭਾਵਾਂ ਵਲੋਂ ਸਾਂਝੇ ਤੌਰ 'ਤੇ ਇਕ ਸਮਾਗਮ ਦਾ ਆਯ-ੋਜਿਨ ਕੀਤਾ ਗਿਆ। ਪੰਜਾਬੀ ਸਾਹਿਤ ਅਕੈਡਮੀ ਨਿਊਯਾਰਕ, ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ ਅਤੇ ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਵੱਲੋਂ ਇਹ ਸਮਾਗਮ ਸੋਹਣਾ ਪੰਜਾਬ ਰੈਸਟੋਰੈਂਟ ਵਿਚ ਕੀਤਾ ਜਿਸ ਦੀ ਪ੍ਰਧਾਨਗੀ ਬਜ਼ੁਰਗ ਸ਼ਾਇਰ ਮਨਮੋਹਨ ਭੱਲਾ ਹੋਰਾਂ ਕੀਤੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀ ਅਤੇ ਕੋਲੰਬੀਆ ਯੂਨੀਵਰਸਿਟੀ ਦੇ ਪ੍ਰੋ. ਡਾ. ਸੰਦੀਪ ਸਿੰਘ ਨੇ ਦਲੀਪ ਕੌਰ ਟਿਵਾਣਾ ਦੀਆਂ ਗਲਪ-ਜੁਗਤਾਂ ਬਾਰੇ ਬਹੁਤ ਹੀ ਕੀਮਤੀ ਵਿਚਾਰ ਪੇਸ਼ ਕੀਤੇ। ਔਰਤ ਦੀ ਸੰਵੇਦਨਾ ਦੇ ਹਵਾਲੇ ਨਾਲ ਟਿਵਾਣਾ ਦੀ ਸਵੈ-ਜੀਵਨੀ 'ਨੰਗੇ ਪੈਰਾਂ ਦਾ ਸਫਰ' ਬਾਰੇ ਚਰਚਾ ਕੀਤੀ।

ਸੁਰਿੰਦਰ ਸੋਹਲ ਨੇ ਇੰਦਰ ਸਿੰਘ ਖਾਮੋਸ਼ ਦੀ ਸਿਰਜਣਾ-ਪ੍ਰਕਿਰਿਆ ਬਾਰੇ ਗੱਲ ਕਰਦਿਆਂ ਖਾਮੋਸ਼ ਸਾਹਿਬ ਨਾਲ ਫੋਨ 'ਤੇ ਹੁੰਦੀਆਂ ਰਹੀਆਂ ਗੱਲਾਂ-ਬਾਤਾਂ ਦਾ ਜ਼ਿਕਰ ਕੀਤਾ। ਉਹਨਾਂ ਸੁਰਜੀਤ ਹਾਂਸ ਵੱਲੋਂ ਸਮੁੱਚੇ ਸ਼ੇਕਸਪੀਅਰ ਦੇ ਪੰਜਾਬੀ ਅਨੁਵਾਦ ਦਾ ਜ਼ਿਕਰ ਵੀ ਕੀਤਾ।

ਬਲਦੇਵ ਸਿੰਘ ਗਰੇਵਾਲ ਹੋਰਾਂ ਜਸਵੰਤ ਸਿੰਘ ਕੰਵਲ ਨਾਲ ਦਹਾਕਿਆਂ ਪੁਰਾਣੀ ਸਾਂਝ ਤਾਜ਼ਾ ਕੀਤੀ। ਉਹਨਾਂ ਜਰਮਨ ਔਰਤ ਹੈਲਨ ਵੱਲੋਂ ਪੰਜਾਬ ਵਿਚ ਚਲਾਏ ਜਾ ਰਹੇ 'ਬਲਿਹਾਰੀ ਕੁਦਰਤ ਵਸਿਆ' ਪ੍ਰੋਜੈਕਟ ਦਾ ਜ਼ਿਕਰ ਕਰਦਾ ਇਕ ਗਲਪ-ਟੁਕੜਾ ਵੀ ਪੜ੍ਹਿਆ ਜਿਸ 'ਚ ਜਸਵੰਤ ਸਿੰਘ ਕੰਵਲ ਦੀ ਜ਼ਿੰਦਾ-ਦਿਲ ਹਾਜ਼ਰੀ ਦਾ ਭਰਪੂਰ ਜ਼ਿਕਰ ਸੀ।



ਰਾਣੀ ਨਗਿੰਦਰ ਨੇ ਕਾਵਿਕ ਸ਼ੈਲੀ 'ਚ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਤਰਲੋਕ ਬੀਰ ਨੇ ਜਸਵੰਤ ਸਿੰਘ ਕੰਵਲ, ਇੰਦਰ ਸਿੰਘ ਖਾਮੋਸ਼ ਅਤੇ ਦਲੀਪ ਕੌਰ ਟਿਵਾਣਾ ਨਾਲ ਬਿਤਾਏ ਪਲ ਯਾਦ ਕੀਤੇ।

ਕਿਸੇ ਜ਼ਮਾਨੇ 'ਚ ਕੰਵਲ ਸਾਹਿਬ ਨਿਊ ਯਾਰਕ ਫੇਰੀ ਸਮੇਂ ਰਾਜਿੰਦਰ ਜਿੰਦ ਹੋਰਾਂ ਦੇ ਘਰ ਰਹੇ ਸਨ। ਜਿੰਦ ਹੋਰਾਂ ਕੰਵਲ ਸਾਹਿਬ ਦੇ ਪ੍ਰਭਾਵ ਬਾਰੇ ਗੱਲ ਕਰ ਦਿਆਂ ਕਿਹਾ ਕਿ ਉਹ ਮਨ ਹੀ ਮਨ ਕੰਵਲ ਸਾਹਿਬ ਨੂੰ ਆਪਣਾ ਉਸਤਾਦ ਮੰਨਦੇ ਹਨ।

ਇਸ ਸਮਾਗਮ ਦੇ ਪ੍ਰਬੰਧਕ ਬਲਬੀਰ ਸਿੰਘ ਡੁਮੇਲੀ ਨੇ ਇਸ ਮੌਕੇ ਹਾਜ਼ਰ ਹੋਏ ਸਾਹਿਤਕਾਰਾਂ ਨੂੰ 'ਜੀ ਆਇਆਂ' ਕਿਹਾ ਤੇ ਇੰਦਰ ਸਿੰਘ ਖਾਮੋਸ਼ ਦੇ ਨਾਵਲ 'ਲਟ ਲਟ ਲਾਟ ਬਲੇ 'ਦਾ ਉਚੇਚਾ ਜ਼ਿਕਰ ਕੀਤਾ। ਜੱਸੀ ਢਿੱਲੋਂ ਨੇ ਸੁਰਜੀਤ ਹਾਂਸ ਨਾਲ ਜੁੜੀਆਂ ਕਈ ਦਿਲਚਸਪ ਗੱਲਾਂ ਪ੍ਰਕਾਸ਼ ਵਿਚ ਲਿਆਂਦੀਆਂ।

ਉਂਕਾਰ ਸਿੰਘ ਡੁਮੇਲੀ ਹੋਰਾਂ ਵਿਛੜੀਆਂ ਰੂਹਾਂ ਨੂੰ ਯਾਦ ਕਰਨ ਲਈ ਕੀਤੇ ਗਏ ਉਪਰਾਲੇ ਦੀ ਪ੍ਰੋੜਤਾ ਕੀਤੀ। ਜੀਤ ਚੰਦਨ ਨੇ ਆਪਣੀ ਮਖ਼ਸੂਸ ਗੱਲਬਾਤ 'ਚ ਕਿਹਾ ਕਿ ਵਿਛੜੇ ਲੇਖਕਾਂ ਦੀਆਂ ਲਿਖਤਾਂ ਤੋਂ ਸੇਧ ਲੈ ਕੇ ਸਾਨੂੰ ਨਰੋਆ ਸਾਹਿਤ ਰਚਣ ਦਾ ਪ੍ਰਣ ਕਰਨਾ ਚਾਹੀਦਾ ਹੈ।

'ਪ੍ਰੀਤਨਾਮਾ' ਦੀ ਸੰਪਾਦਕ ਪ੍ਰਿਤਪਾਲ ਕੌਰ ਪ੍ਰੀਤ ਨੇ ਕਿਹਾ ਕਿ ਸਾਨੂੰ ਸਿਰਫ਼ ਮੀਟਿੰਗ ਕਰ ਕੇ ਹੀ ਗੱਲ ਖਤਮ ਨਹੀਂ ਕਰ ਦੇਣੀ ਚਾਹੀਦੀ ਸਾਹਿਤ ਦੇ ਵਿਸਤਾਰ ਵਾਸਤੇ ਵੀ ਉਸਾਰੂ ਉਪਰਾਲੇ ਕਰਨੇ ਚਾਹੀਦੇ ਹਨ। ਰੀਟਾ ਕੋਹਲੀ ਨੇ ਵਿਛੜੀਆਂ ਰੂਹਾਂ ਨੂੰ ਯਾਦ ਕਰਨ ਲਈ ਕੁਝ ਸ਼ਿਅਰ ਪੇਸ਼ ਕੀਤੇ।

ਮੋਹਣ ਸਿੰਘ ਭੰਵਰਾ ਨੇ ਕਿਹਾ ਕਿ ਜਸਵੰਤ ਸਿੰਘ ਕੰਵਲ ਦੇ ਨਾਵਲ ਸੱਚ ਨਾਲ ਖੜ੍ਹਨ ਦੀ ਪ੍ਰੇਰਣਾ ਦਿੰਦੇ ਹਨ ਤੇ ਸਾਨੂੰ ਇਹਨਾਂ ਤੋਂ ਪ੍ਰੇਰਿਤ ਹੋਣਾ ਚਾਹੀਦਾ ਹੈ। ਬਲਵਿੰਦਰ ਸਿੰਘ ਜੰਡਿਆਲਾ ਕੰਵਲ ਦੇ ਪਾਤਰਾਂ ਦੇ ਹਵਾਲੇ ਨਾਲ ਆਮ ਮਨੁੱਖ ਨਾਲ ਹੁੰਦੀ ਜ਼ਿਆਦਤੀ ਦਾ ਜ਼ਿਕਰ ਕੀਤਾ। ਮਨਮੋਹਨ ਪੂਨੀ ਦਾ ਵਿਚਾਰ ਸੀ ਕਿ ਸਾਹਿਤਕਾਰ ਕਿਸੇ ਕੌਮ ਦਾ ਸਰਮਾਇਆ ਹੁੰਦੇ ਹਨ। ਉਹਨਾਂ ਦੀਆਂ ਕਿਰਤਾਂ ਦਾ ਅਧਿਐਨ ਕਰ ਕੇ ਸਾਨੂੰ ਸੇਧ ਲੈਣੀ ਚਾਹੀਦੀ ਹੈ। ਰੇਸ਼ਮ ਸਿੰਘ ਡੁਮੇਲੀ ਹੋਰਾਂ ਕਿਹਾ ਕਿ ਜਸਵੰਤ ਸਿੰਘ ਕੰਵਲ ਸਮੇਂ ਦੀ ਨਬਜ਼ ਪਛਾਣਨ ਵਾਲੇ ਲੇਖਕ ਸਨ। ਜਸਬੀਰ ਸਿੰਘ ਨੇ ਕੰਵਲ ਸਾਹਿਬ ਦੀ ਇਕ ਇੰਟਰਵਿਊ ਦੇ ਹਵਾਲੇ ਨਾਲ ਗੱਲ ਕਰਦਿਆਂ ਉਹਨਾਂ ਦੇ ਯੋਗਦਾਨ ਦਾ ਜ਼ਿਕਰ ਕੀਤਾ। ਅਖੀਰ ਵਿਚ ਡਾਕਟਰ ਰਾਮ ਜੀ ਦਾਸ ਸੇਠੀ ਹੋਰਾਂ ਆਏ ਸਾਹਿਤਕਾਰਾਂ ਤੇ ਸਾਹਿਤ-ਪ੍ਰੇਮੀਆਂ ਦਾ ਧੰਨਵਾਦ ਕੀਤਾ। ਨਾਲ ਹੀ ਵਿਛੜੀਆਂ ਰੂਹਾਂ ਨੂੰ ਕਾਵਿ-ਸ਼ਰਧਾਂਜਲੀ ਭੇਟ ਕੀਤੀ। ਸਟੇਜ ਸਕੱਤਰ ਦੀ ਸੇਵਾ ਸੁਰਿੰਦਰ ਸੋਹਲ ਹੋਰਾਂ ਵੱਲੋਂ ਨਿਭਾਈ ਗਈ। ਇਸ ਮੌਕੇ ਹੋਰਾਂ ਤੋਂ ਇਲਾਵਾ ਹਰਪ੍ਰੀਤ ਸਿੰਘ ਤੂਰ, ਪਰਮਜੀਤ ਭੱਲਾ, ਗੌਰਵ ਭੱਲਾ, ਜਸਵਿੰਦਰ ਸਿੰਘ, ਇੰਦਰਜੀਤ ਸਿੰਘ ਮਲਿਕ, ਮੇਨਾਲੀ ਧੇਮਲਾ ਆਦਿ ਵੀ ਹਾਜ਼ਰ ਸਨ। **(ਰਿਪੋਰਟ ਅਤੇ ਤਸਵੀਰ- ਸੁਰਿੰਦਰ ਸੋਹਲ**

# ਸਵਰਗੀ ਜਸਵੰਤ ਸਿੰਘ ਕੰਵਲ ਅਤੇ ਸਵਰਗੀ ਦਲੀਪ ਕੌਰ ਟਿਵਾਣਾ ਜੀ ਦੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ





























ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਸੈਕਰਾਮੈਂਟੋ ਵਲੋਂ, ਲੰਘੇ ਐਤਵਾਰ ਫਰਵਰੀ 9-2020 ਬਾਅਦ ਦੁਪਹਿਰ, ਪੰਜਾਬੀ ਸਾਹਿਤ ਦੇ ਦੋ ਮਹਾਨ ਥੰਮ ਸਵਰਗਵਾਸੀ ਜਸਵੰਤ ਸਿੰਘ ਕੰਵਲ ਅਤੇ ਸਵਰਗਵਾਸੀ ਦਲੀਪ ਕੌਰ ਟਿਵਾਣਾ ਜੀ ਦੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਹਿੱਤ, ਇੱਕ ਸ਼ਰਧਾਂਜਲੀ ਸਮਾਰੋਹ, ਸਭਾ ਦੇ ਸਰਪ੍ਰਸਤ ਮੁਹਿੰਦਰ ਸਿੰਘ ਘੱਗ ਜੀ ਅਤੇ ਸਭਾ ਦੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਥਰੀਕੇ ਦੀ ਪ੍ਰਧਾਨਗੀ ਹੇਠ, ਕਬਾਬ ਕੱਾਰਨਰ ਵੈਂਸਟ ਸੈਕਰਾਮੈਂਟੋ ਵਿਖੇ ਅਯੋਜਿਤ ਕੀਤਾ ਗਿਆ।

ਪਰੋਗਰਾਮ ਦੀ ਸ਼ੁਰੂਆਤ ਦਿਲ ਨਿੱਜਰ ਨੇ ਅੱਜ ਦੇ ਸ਼ਰਧਾਂਜਲੀ ਸਮਾਰੋਹ ਵਾਰੇ ਸੰਖੇਪ ਵਿੱਚ ਦੱਸਦਿਆਂ ਕੀਤੀ ਅਤੇ ਸਟੇਜ ਦੀ ਸੇਵਾ ਲਈ ਜਨਰਲ ਸਕੱਤਰ ਜੋਤੀ ਸਿੰਘ ਨੂੰ ਸੱਦਾ ਦਿੱਤਾ।

ਪਸਸਕ ਵਲੌਂ ਸ਼ੁਰੂਆਤ ਵਿੱਚ ਮਹਾਨ ਰੂਹਾਂ ਦੀ ਯਾਦ ਵਿੱਚ ਖੜੋਕੇ ਇੱਕ ਮਿੰਟ ਦਾ ਮੋਨ ਧਾਰਕੇ ਸ਼ੋਕ ਪਰਗਟਾਇਆ ਗਿਆ।

ਉਪਰੰਤ ਸੈਕਰਾਮੈਂਟੋ ਅਤੇ ਇਸ ਦੇ ਨੇੜੇ ਤੇੜੇ ਤੌਂ ਪਹੁੰਚੇ ਪੰਜਾਬੀ ਮਾਂ ਬੋਲੀ ਦੇ ਪਸਸਕ ਦੇ ਮੈਂਬਰ ਸਾਹਿਤਕਾਰਾਂ ਵਲੌਂ ਆਪੋ ਆਪਣੇ ਸ਼ਬਦ ਵਿਚਾਰਾਂ ਰਾਹੀ ਕੰਵਲ ਜੀ ਅਤੇ ਟਿਵਾਣਾਂ ਜੀ ਦੇ ਪੰਜਾਬੀ ਸਾਹਿਤ ਪ੍ਰਤੀ ਪਾਏ ਨਿੱਗਰ ਯੋਗਦਾਨ ਦਾ ਭਰਪੂਰ ਸਰਾਹਨਾਂ ਕੀਤਾ ਗਿਆ।

ਬਹੁਤੇ ਬੁਲਾਰਿਆਂ ਨੇ ਏਹਨਾਂ ਸਾਹਿਤਕਾਰਾਂ ਨਾਲ ਮੁਲਾਕਾਤਾਂ ਸਮੇਂ ਹੋਏ ਵਿਚਾਰ ਵਟਾਂਦਰੇ ਨੂੰ ਵੀ ਹਾਜਰੀਨ ਨਾਲ ਸਾਂਝਾ ਕੀਤਾ।

ਅਖੀਰ ਵਿੱਚ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਨੇ ਆਏ ਹੋਈ ਹਾਜਰ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਪਸਸਕ ਦੀ ਅਗਲੀ ਮਾਸਿਕ ਇਕੱਤਰਤਾ ਫਰਵਰੀ ਤੇਈ ਦਿਨ ਐਤਵਾਰ ਲਈ ਵੱਧ ਤੋਂ ਵੱਧ ਹਾਜਰ ਹੋਣ ਦਾ ਸੱਦਾ ਦਿੱਤਾ।

**ਪਹੁੰਚੇ ਹੋਏ ਬੁਲਾਰੇ ਇਸ ਪ੍ਰਕਾਰ ਸਨ**

ਸ੍ਰ. ਮੁਹਿੰਦਰ ਸਿੰਘ ਘੱਗ , ਇੰਦਰਜੀਤ ਸਿੰਘ ਗਰੇਵਾਲ, ਦਿਲ ਨਿੱਜਰ, ਕਮਲ ਬੰਗਾ , ਅਜੈਬ ਚੀਮਾ, ਬੀਬੀ ਜੁਗਿੰਦਰ ਕੌਰ ਸ਼ੋਖ, ਬਲਜੀਤ ਕੌਰ ਸੋਹੀ, ਗੁਰਦੀਪ ਕੌਰ, ਮਨਰੀਤ ਗਰੇਵਾਲ ਸਿੱਧੂ, ਮੇਜਰ ਭੁਪਿੰਦਰ ਦਲੇਰ, ਜੋਤੀ ਸਿੰਘ, ਰਾਠੇਸ਼ਵਰ ਸਿੰਘ ਸੂਰਾਪੁਰੀ ,ਜੀਵਨ ਰੱਤੂ, ਮਨਜਿੰਦਰ ਸਿੰਘ ਸੰਧੂ, ਮਕਸੂਦ ਅਲੀ, ਕੈਸਰ ਸ਼ਹਿਯਾਦ, ਤਤਿੰਦਰ ਕੌਰ, ਗੁਰਜੀਤ ਕੌਰ ਬਰਾੜ।

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ(ਰਜਿ.) ਸੈਕਰਾਮੈਂਟੋ ਨਾਲ ਜੁੜਨ ਜਾਂ ਕਿਸੇ ਕਿਸਮ ਦੀ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ;

916-248-1535

ਇੰਦਰਜੀਤ ਸਿੰਘ ਗਰੇਵਾਲ (ਪ੍ਰਧਾਨ)

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ

# ਜਸਵੰਤ ਸਿੰਘ ਕੰਵਲ ਦਾ ਸਾਹਿਤਕ ਵਾਰਿਸ?





ਗੁਰਦੀਪ ਕੌਰ ਸੈਕਰਾਮੈਂਟੋ
916-695-0035

ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਮਹਾਨ ਸ਼ਬਦ ਕੋਸ਼ ਵਿਚ ਵਾਰਿਸ ਦਾ ਅਰਥ 'ਵਿਰਸਾ (ਮੀਰਾਸ) ਲੈਣ ਵਾਲਾ, ਮਾਲਿਕ ਲਿਖਿਆ ਹੈ। ਦੁਨੀਆਂ ਤੋਂ ਰੁਖਸਤ ਹੋ ਜਾਵਣ ਤੋਂ ਬਾਅਦ ਵਸੀਅਤ ਅਨੁਸਾਰ ਪਰਿਵਾਰ ਦੀ ਦਰਜਾਬੰਦੀ ਮੁਤਾਬਕ ਪੁੱਤਰ, ਪੋਤਰੇ ਜਾਂ ਧੀਆਂ ਵਾਰਿਸ ਬਣਦੀਆਂ ਹਨ। ਜਾਇਦਾਦ ਦਾ ਰੰਗ-ਢੰਗ ਜਾਂ ਸਵਰੂਪ ਭਾਵੇਂ ਵੱਖਰਾ ਹੋ ਸਕਦਾ ਹੈ ਪਰ ਵਾਰਿਸ, ਮ੍ਰਿਤਕ ਦੀ ਜਾਇਦਾਦ ਦਾ ਮਾਲਿਕ ਬਣ ਜਾਂਦਾ ਹੈ।

ਪੰਜਾਬ ਦਾ ਹਰਫਨਮੌਲਾ, ਹਰਮਨਪਿਆਰਾ ਤੇ ਪਸੰਦੀਦਾ ਨਾਵਲਕਾਰ ਜਸਵੰਤ ਸਿੰਘ ਕੰਵਲ 1 ਫਰਵਰੀ 2020 ਨੂੰ ਜਹਾਨੇ ਫਾਨੀ ਤੋਂ ਕੂਚ ਕਰ ਗਿਆ। ਉਹ ਆਪਣੇ ਪਿੱਛੇ ਇਕ ਵੱਡਾ ਸਾਹਿਬਤਕ ਖਜ਼ਾਨਾ ਛੱਡ ਗਿਆ ਹੈ, ਜੋ ਲਿਖਤਾਂ ਵਿਚ ਹੈ ਤ ਸਦੀਵੀ ਅਮਰ ਹੈ। ਪਾਠਕਾਂ ਦੀ ਜਾਣਕਾਰੀ ਮੁਤਾਬਕ ਪਹਿਲਾਂ ਹੀ ਦੱਸ ਦੇਵਾਂ ਕਿ ਮੈਂ ਉਸਦੇ ਕਿਸੇ ਵੀ ਮਾਇਕ ਜਾਂ ਪਦਾਰਥਕ ਸੋਮੀ ਦੀ ਗੱਲ ਨਾ ਹੀ ਕਰ ਰਹੀ ਹਾਂ ਤੇ ਨਾ ਹੀ ਕਰਾਂਗੀ ਤੇ ਨਾ ਹੀ ਉਹ ਅਜਿਹੀ ਆਸ ਕਰਨ।

ਜਸਵੰਤ ਸਿੰਘ ਕੰਵਲ ਆਪਣੀ ਉਮਰ ਦੀ ਵੀਹ ਕੁ ਵਰ੍ਹੇ ਦੇ ਲਾਗੇ ਛਾਗੇ ਮਲਾਇਆ ਚਲਾ ਗਿਆ ਸੀ, ਆਪਣੀ ਰੋਜ਼ੀ ਰੋਟੀ ਕਮਾਉਣ। ਮਲਾਇਆ ਦੇ ਜੰਗਲਾਂ ਵਿਚ ਘੁੰਮਦਿਆਂ ਹੀ ਉਹਨਾਂ ਨੂੰ ਲਿਖਣ ਦੀ ਚੇਟਕ ਲੱਗੀ। ਉਹ ਆਪਣੀ ਲਿਖਣ ਕਲਾ ਨੂੰ ਹਮੇਸ਼ਾ ਮਲਾਇਆ ਦੀ ਸੌਗਾਤ ਆਖਦੇ ਸਨ।

ਜੇਕਰ ਅਸੀਂ ਰੱਤਾ ਕੁ ਪਿਛਾਂਹ ਝਾਤੀ ਮਾਰੀਏ, ਜਿੱਥੋਂ ਕੰਵਲ ਨੇ ਲਿਖਣਾ ਸ਼ੁਰੂ ਕੀਤਾ ਤਾਂ ਇਹ ਗੱਲ ਪਹਿਲਾਂ ਕਰਨੀ ਬਣਦੀ ਹੈ ਕਿ ਉਸਨੇ ਸਾਹਿਤ ਪੜ੍ਹਿਆ ਕਿੰਨਾ ਹੈ। ਕੰਵਲ ਦੇ ਦੱਸਣ ਮੁਤਾਬਕ ਉਸਨੇ ਮੈਕਸਿਮ ਗੋਰਕੀ, ਤਾਨ ਵਹਿੰਦਾ ਰਿਹਾ, ਵਿਕਟਰ ਹਿਊਗੋ, ਟਾਲਸਟਾਇ, ਚੈਖਵ, ਹਾਰਡੀ, ਲੈਨਿਨ, ਮਾਰਕਸਵਾਦ ਤੇ ਆਪਣੇ ਤੋਂ ਪਹਿਲਾਂ ਦਾ ਬਹੁਤ ਸਾਹਿਬਤ ਪੜ੍ਹਿਆ ਸੀ। ਸ਼ਾਇਦ ਇਸੇ ਪੜ੍ਹਨ ਦਾ ਅਰਥ ਸੀ ਕਿ ਕੰਵਲ ਨੇ 20 ਕੁ ਸਾਲ ਦੀ ਉਮਰ ਵਿਚ ਹੀ ਕਵਿਤਾਵਾਂ, ਛੰਦਬੰਦੀ ਕਰਕੇ ਗੁਰਦੁਆਰਿਆਂ ਵਿਚ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਆਪਣੀ ਮਹਿਜ਼ ਪੱਚੀ ਤੋਂ ਤੀਹ ਕੁ ਸਾਲ ਦੀ ਉਮਰ ਵਿਚ ਉਸਨੇ ਨਾਲ ਨਾਲ ਪੂਰਨਮਾਸ਼ੀ, ਸੱਚ ਨੂੰ ਫਾਂਸੀ ਤੇ ਪਾਲੀ ਨਾਵਲ ਪਾਠਕਾਂ ਨੂੰ ਪੜ੍ਹਨ ਲਈ ਦਿੱਤੇ ਸਨ। ਤੇ ਫਿਰ ਚੱਲ ਸੋ ਚੱਲ। ਤੇ ਫਿਰ ਕੰਵਲ ਸੌ ਕਿਤਾਬਾਂ ਸੌ ਸਾਲ ਦਾ ਸੈਂਕੜਾ ਮਾਰ ਕੇ ਰੁਖਸਤ ਹੋ ਗਿਆ ਤੇ ਪਿੱਛੇ ਸਾਡੇ ਲਈ ਛੱਡ ਗਿਆ ਕੁਝ ਸਵਾਲ ਜਿਹਨਾਂ ਦੇ ਜਵਾਬ ਸਾਨੂੰ ਲੱਭਣੇ ਪੈਣਗੇ। ਉਂਝ ਜਵਾਬ ਸਾਡੇ ਕੋਲ ਕੋਈ ਹੈਗੇ ਨਹੀਂ ਹਨ।

ਜਸਵੰਤ ਸਿੰਘ ਕੰਵਲ ਦੇ ਕੁਝ ਸਮਕਾਲੀ ਤੇ ਕੁਝ ਵਡੇਰੇ ਲੇਖਕ ਜਿਵੇਂ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰੋ. ਪੂਰਨ ਸਿੰਘ, ਸੋਹਣ ਸਿੰਘ ਸ਼ੀਤਲ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਦਲੀਪ ਕੌਰ ਟਿਵਾਣਾ, ਅਮ੍ਰਿਤਾ ਪ੍ਰੀਤਮ, ਗੁਰਦਿਆਲ ਸਿੰਘ, ਬਲਵੰਤ ਗਾਰਗੀ, ਰਾਮ ਸਰੂਪ ਅਣਖੀ, ਖੁਸ਼ਵੰਤ ਸਿੰਘ, ਕਰਨਲ ਨਰਿੰਦਰ ਪਾਲ ਸਿੰਘ, ਅਜੀਤ ਕੌਰ ਤੇ ਹੋਰ ਅਨੇਕਾਂ ਨਾਮਵਰ ਲੇਖਕ ਕੰਵਲ ਦੇ ਨਾਲ ਸਾਹਿਤਕ ਤੌਰ ਤੇ ਤੁਰਦੇ ਰਹੇ ਹਨ। ਕੁਝ ਅੱਗੇ ਤੇ ਕੁਝ ਪਿੱਛੇ। ਸਭਨਾਂ ਲੇਖਕਾਂ ਨੇ ਆਪਣੇ-ਆਪਣੇ ਮੁਤਾਬਕ ਆਪਣੀਆਂ ਰਚਨਾਵਾਂ ਦੀ ਰਚਨਾ ਕਰਕੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਤੇ ਆਪਣੇ ਪਾਠਕਾਂ ਨੂੰ ਸੇਵਾ ਦਿੰਦੇ ਹੋਏ, ਉਹਨਾਂ ਦਾ ਮਨ ਪ੍ਰਚਾਵਾ ਵੀ ਕੀਤਾ ਹੈ। ਕੁਝ ਸਾਹਿਤਕਾਰਾਂ ਦੀਆਂ ਸਾਹਿਤਕ ਚੋਟਾਂ ਅੱਜ ਵੀ ਸਮਾਜ ਦੇ ਸ਼ੀਸ਼ੇ ਉਤੇ ਉਂਝ ਹੀ ਜਿਉਂਦੀਆਂ ਜਾਗਦੀਆਂ ਹਨ, ਜਿਵੇਂ ਉਹ ਸਿੱਖਣ ਵਾਲੀ ਰੁੱਤੇ ਸਨ।

ਕੰਵਲ ਨੇ ਰੱਜਵਾਂ ਵਾਹਿਆ ਤੇ ਰੱਜਵਾਂ ਖਾਧਾ ਹੈ। ਇੰਝ ਹੀ ਉਸਨੇ ਰੱਜਵਾਂ ਪੜ੍ਹਿਆ ਤੇ ਰੱਜ ਕੇ ਲਿਖਿਆ ਹੈ। ਪਿੰਡ ਢੁਡੀਕੇ ਉਸਦੇ ਬਾਹਰਲੇ ਘਰ ਕਹਿ ਲਵੋ ਜਾਂ ਪਿੰਡ ਵਾਲੇ ਘਰ ਵਿਚ ਦੇਖ ਲਵੋ, ਉਸਨੇ ਦੇਸੀ ਪਰਦੇਸੀ ਨਵੇਂ-ਪੁਰਾਣੇ ਸਭ ਲੇਖਕਾਂ ਦੀਆਂ ਕਿਤਾਬਾਂ ਪੜ੍ਹੀਆਂ ਹਨ ਤੇ ਸਾਂਭੀ ਰੱਖੀਆਂ ਹਨ। ਉਸਦੇ ਪਾਸਪੋਰਟਾਂ ਦੀਆਂ ਮੋਹਰਾਂ ਦੱਸਦੀਆਂ ਹਨ ਕਿ ਉਸਨੇ ਪਰਦੇਸਾਂ ਦਾ ਸਫਰ ਤਹਿ ਕੀਤਾ ਹੋਇਆ ਹੈ, ਜਿੱਥੇ ਕਿਤੇ ਵੀ ਗਿਆ ਉਥੇ ਕਹਾਣੀ ਚੁੱਕ ਲਿਆਇਆ ਤੇ ਪੰਜਾਬ ਦੇ ਖੇਤਾਂ ਵੱਟਾਂ, ਬੰਨਿਆਂ, ਸਿਵਿਆਂ ਵਿਚ ਬੈਠ ਕੇ ਨਾਵਲ ਲਿਖ ਦਿੱਤੇ। ਇਕ ਹੋਰ ਹੈਲਨ ਨਾਵਲ ਦੀ ਪਿੱਠ ਭੂਮੀ ਜਰਮਨ ਦੀ ਹੈ। ਉੜੀਸਾ ਦੇ ਮੱਠਾਂ ਵਿਚ ਘੁੰਮਦਿਆਂ 'ਅਸ਼ੋਕ ਦੀ ਕਲਿੰਗਾ ਉਤੇ ਜਿੱਤ' ਉਸਨੂੰ ਯਾਦ ਆ ਗਈ ਤੇ ਉਸਨੇ ਨਾਵਲ ਰਚ ਦਿੱਤ ਤੌਸ਼ਾਲੀ ਦੀ ਹੰਸੋ। ਇਹ ਨਾਵਲ ਉਂਝ ਹੀ ਨਹੀਂ ਲਿਖ ਹੋਇਆ। ਸੁਭਾਵਿਕ ਹੈ ਕਿ ਕੰਵਲ ਨੇ ਪਹਿਲਾ ਇਤਿਹਾਸ ਪੜ੍ਹਿਆ-ਫਰੋਲਿਆ ਹੋਵੇਗਾ ਤੇ ਫਿਰ ਲਿਖਿਆ ਹੋਵੇਗਾ।

ਉਪਰੋਕਤ ਸਾਰੀ ਕਹਾਣੀ ਤੋਂ ਬਾਅਦ ਚਰਚਾ ਦਾ ਵਿਸ਼ਾ ਤਾਂ ਇਹ ਹੈ ਕਿ ਹੁਣ ਕਿਹੜਾ ਲੇਖਕ ਪੰਜਾਬੀ ਪਾਠਕਾਂ ਦੀ ਸਾਹਿਤਕ ਭੁੱਖ ਪੂਰ ਕਰੇਗਾ। ਲੇਖਕ ਤਾਂ ਬਹੁਤ ਹੈਨ, ਪਰ ਪਾਠਕ ਦੀ ਨਬਜ ਪਛਾਨਣ ਵਾਲਾ ਨਹੀਂ ਮਿਲ ਰਿਹਾ। ਆਪਣੀ ਉਮਰ ਦੇ ਸੌ ਸਾਲ ਬਿਤਾਏ ਤੇ ਅੱਸੀ ਸਾਲ ਲਿਖਣ ਵਾਲਾ ਕੰਵਲ, ਪੰਜਾਬੀ ਦਾ ਸ਼ਾਹਕਾਰ ਨਾਵਲਕਾਰ ਸੀ। ਹੁਣ ਉਸਦੇ ਤੁਰ ਜਾਣ ਪਿੱਛੋਂ ਖਲਾਅ ਦੀ ਪੂਰਤੀ ਕੌਣ ਕਰੇਗਾ। ਪਹਿਲੀ ਗੱਲ ਕੌਣ ਉਸ ਜਿੰਨਾ ਪੜੇਗਾ, ਕੌਣ ਉਸ ਜਿੰਨਾ ਲਿਖੇਗਾ ਤੇ ਕੌਣ ਆਪਣੇ ਦੇਸ਼, ਕੌਮ ਦੀ ਪੀੜ ਨੂੰ ਆਪਣੀ ਪੀੜ ਸਮਝ ਕੇ ਹੋਕਾ ਦੇਵੇਗਾ। ਸਮੇਂ ਦੀ ਸਰਕਾਰ ਨਾਲ ਆਹਢਾ ਲਾ ਕੇ ਪੰਜਾਬ ਦੇ ਡੁੱਬਦੇ ਭਵਿੱਖ ਦੀਆਂ ਦੁਹਾਈਆਂ ਕੌਣ ਪਾਵੇਗਾ। ਪਾਠਕਾਂ ਨੂੰ ਚੁਆਤੀ ਲਾਣੀ ਹਾਰੇ-ਸਾਰੇ ਦੇ ਵੱਸ ਦਾ ਕੰਮ ਨਹੀਂ ਹੈ। ਸਾਹਿਤਕ ਖੇਤਰ ਵਿਚ ਹੋਣ ਕਰਕੇ ਸਿਰਫ ਕੁਝ ਕੁ ਲੇਖਕਾਂ ਦੀਆਂ ਰਚਨਾਵਾਂ ਤੋਂ ਬਿਨਾਂ ਬਾਕੀਆਂ ਨੂੰ ਪੜ੍ਹਨਾ ਸਮਾਂ ਖਰਾਬ ਕਰਨ ਵਾਲੀ ਗੱਲ ਲੱਗਦਾ ਹੈ। ਆਪੂੰ ਬਣੇ ਲੇਖਕ, ਪੈਸੇ ਦੇ ਕੇ ਕਿਤਾਬਾਂ ਛਪਵਾਉਣ ਵਾਲੇ ਸਾਹਿਤ ਦਾ ਰੋਜ਼ ਹੀ ਮੂੰਹ ਮੱਥਾ ਵਿਗਾੜ ਰਹੇ ਹਨ।

ਮੇਰੀ ਨਿੱਜੀ ਰਾਏ ਦੇ ਮੁਤਾਬਕ ਇੰਗਲੈਂਡ ਵੱਸਦਾ ਬਲਰਾਜ ਸਿੰਘ ਸਿੱਧੂ ਇਸ ਪੀੜ੍ਹੀ ਦਾ ਪੜ੍ਹਿਆ ਲਿਖਿਆ ਲੇਖਕ/ਨਾਵਲਕਾਰ ਹੈ। ਉਸਦੀਆਂ ਲਿਖਤਾਂ ਤੋਂ ਉਸਨੇ ਕੀ ਪੜ੍ਹਿਆ ਤੇ ਕੀ ਘੋਖਿਆ ਹੈ, ਪਤਾ ਲੱਗਦਾ ਹੈ। ਉਸਦੇ ਵੀ ਕੁਝ ਨਵੇਂ ਨਾਵਲ ਪਾਠਕਾਂ ਦੀ ਪਸੰਦ ਹਨ। ਪਰ ਉਹ ਵਪਾਰੀ ਬਿਰਤੀ ਵਾਲਾ ਲੇਖਕ ਹੈ, ਉਹ ਪੰਜਾਬ ਲਈ ਅਜੇ ਹਾਅ ਦਾ ਨਾਅਰਾ ਮਾਰਦਾ ਨਹੀਂ ਦਿਖਦਾ ਤੇ ਸਮਾਜ ਸੁਧਾਰਕ ਵਿਸ਼ਿਆਂ ਦੀ ਉਸ ਕੋਲ ਵਿਹਲ ਨਹੀਂ ਹੈ। ਪਾਠਕਾਂ ਲਈ ਇਹ ਪ੍ਰਸ਼ਨ ਹੈ ਕਿ ਕੰਵਲ ਦੀਆਂ ਲਿਖਤਾਂ ਦੇ ਅਸੀਂ ਵਾਰਿਸ ਬਣ ਸਕਦੇ ਹਾਂ, ਹਾਲ ਦੀ ਘੜੀ ਉਹਨਾਂ ਨੂੰ ਸਾਂਭ ਕੇ ਤੇ ਆਪਣੇ ਬੱਚਿਆਂ ਤੇ ਆਹ ਪਰਿਵਾਰ ਦੇ ਪੜ੍ਹਨ ਲਈ ਨਿੱਜੀ ਲਾਇਬ੍ਰੇਰੀ ਵਿਚ ਸੰਜੋ ਕੇ ਰੱਖ ਸਕਦੇ ਹਾਂ। ਬਾਕੀ ਸਮਾਂ ਦੱਸੇਗਾ ਸਾਹਿਤਕ ਪਿੜ ਵਿਚ ਕੌਣ ਕੰਵਲ ਦੀ ਘਾਟ ਪੂਰੀ ਕਰੇਗਾ। ਮੈਨੂੰ ਸਮੇਂ ਦੀ ਤੇ ਲੇਖ ਦੇ ਸਿਰਲੇਖ ਦੇ ਜਵਾਬ ਦੀ ਉਡੀਕ ਰਹੇਗੀ।

## ਸੁਧਾਈ

ਦੇਸ਼ ਦੁਆਬਾ ਦੇ 5 ਫਰਵਰੀ 2020 ਦੇ ਅੰਕ ਵਿਚ ਇਕ ਇਸ਼ਤਿਹਾਰ ਸਫਾ ਨੰਬਰ 26 'ਤੇ Dharam Paul Chonkria ਦੇ ਨਾਲ ਉਹਨਾਂ ਦੀ ਸੁਪਤਨੀ ਦਾ ਨਾਂ ਗਲਤੀ ਨਾਲ ਮਿਸਿਜ਼ ਮਨਜੀਤ ਚੌਂਕੜੀਆ ਛਪ ਗਿਆ ਜਦਕਿ ਸਹੀ ਨਾਮ Satya Mati Chonkria ਹੈ।

ਦੇਸ਼ ਦੁਆਬਾ ਦੇ 5 ਫਰਵਰੀ 2020 ਦੇ ਅੰਕ ਵਿਚ ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਦੀ ਤਸਵੀਰ ਗਲਤ ਛਪ ਗਈ ਸੀ। ਭੁੱਲ ਲਈ ਖਿਮਾ ਦੇ ਜਾਚਕ ਹਾਂ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

ਦੇਸ਼ ਦੁਆਬਾ

# ਆਪ ਨੇ ਕੀਤੀ ਦਿੱਲੀ ਫਤਿਹ

ਦਿੱਲੀ ਨੂੰ 'ਫਤਹਿ' ਕਰਨ ਤੋਂ ਬਾਅਦ ਇਹ ਸਵਾਲ ਉੱਠਣਾ ਸੁਭਾਵਕ ਹੈ ਕਿ ਕੀ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਫਿਰ ਤੋਂ ਭਾਰਤ ਦੇ ਦੂਜੇ ਸੂਬਿਆਂ ਵਿੱਚ ਕਿਸਮਤ ਅਜ਼ਮਾਏਗੀ। ਨਵੰਬਰ 2016 ਵਿੱਚ ਦਿੱਲੀ ਦੇ ਮੁੱਖ ਮੰਤਰੀ ਦੀ ਰਿਹਾਇਸ਼ ਵਿਖੇ ਅਰਵਿੰਦ ਕੇਜਰੀਵਾਲ ਨੇ ਕਿਹਾ ਸੀ, "ਅਸੀਂ 2014 ਦੀਆਂ ਲੋਕ ਸਭਾ ਦੇ ਨਤੀਜਿਆਂ ਨਾਲੋਂ ਬਿਹਤਰ ਪ੍ਰਦਰਸ਼ਨ ਕਰਾਂਗੇ। ਆਮ ਆਦਮੀ ਪਾਰਟੀ ਦੱਖਣੀ ਅਤੇ ਉੱਤਰ-ਪੂਰਬੀ ਭਾਰਤ ਵਿੱਚ ਵੀ ਅਸਰ ਪਾਏਗੀ ਕਿਉਂਕਿ ਲੋਕ ਈਮਾਨਦਾਰੀ ਨੂੰ ਪਸੰਦ ਕਰਦੇ ਹਨ।" 2014 ਦੀਆਂ ਲੋਕ ਸਭਾ ਚੋਣਾਂ ਵਿੱਚ 'ਆਪ' ਨੇ ਪੰਜਾਬ ਦੀਆਂ ਚਾਰ ਲੋਕ ਸਭਾ ਸੀਟਾਂ ਜਿੱਤੀਆਂ ਸਨ ਜਦੋਂਕਿ ਇਸਦੇ ਉਮੀਦਵਾਰ ਦਿੱਲੀ ਦੀਆਂ ਸੱਤ ਸੀਟਾਂ 'ਤੇ ਦੂਜੇ ਨੰਬਰ 'ਤੇ ਰਹੇ ਸਨ।

ਉਸ ਚੋਣ ਵਿੱਚ ਅਰਵਿੰਦ ਕੇਜਰੀਵਾਲ ਵਾਰਾਣਸੀ ਵਿੱਚ ਭਾਜਪਾ ਦੇ ਉਦੋਂ ਪ੍ਰਧਾਨ ਮੰਤਰੀ ਉਮੀਦਵਾਰ ਨਰਿੰਦਰ ਮੋਦੀ ਦਾ ਮੁਕਾਬਲਾ ਕਰਨ ਲਈ ਪਹੁੰਚ ਗਏ ਸਨ।

ਹਾਲਾਂਕਿ ਮੋਦੀ ਨੇ ਉਨ੍ਹਾਂ ਨੂੰ ਤਿੰਨ ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ ਸੀ ਪਰ ਭਾਜਪਾ ਦੇ ਇਸ ਗੜ੍ਹ ਵਿੱਚ ਕੇਜਰੀਵਾਲ ਨੂੰ ਦੋ ਲੱਖ ਵੋਟਾਂ ਮਿਲਣਾ ਵੱਡੀ ਗੱਲ ਸੀ।

ਉਸ ਤੋਂ ਬਾਅਦ ਕੇਜਰੀਵਾਲ ਦੀ ਪਾਰਟੀ ਨੇ ਦਿੱਲੀ ਵਿੱਚ ਭਾਜਪਾ ਅਤੇ ਕਾਂਗਰਸ ਨੂੰ ਖ਼ਤਮ ਕਰ ਦਿੱਤਾ ਸੀ। ਇਹ ਪਹਿਲਾ ਮੌਕਾ ਸੀ ਜਦੋਂ ਵਿਧਾਨ ਸਭਾ ਦੀਆਂ 70 ਸੀਟਾਂ ਵਿੱਚੋਂ 67 ਸੀਟਾਂ ਜਿੱਤਣ ਦਾ ਰਿਕਾਰਡ ਬਣਾਇਆ ਗਿਆ ਸੀ।

ਪਰ ਜਲਦੀ ਹੀ 'ਆਪ' ਅੰਦਰ ਮਤਭੇਦ ਸਾਹਮਣੇ ਆਉਣੇ ਸ਼ੁਰੂ ਹੋ ਗਏ। ਯੋਗੇਂਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਣ ਵਰਗੇ ਲੋਕਾਂ ਨੂੰ ਪਾਰਟੀ ਵਿੱਚੋਂ "ਹਟਾ ਦਿੱਤਾ ਗਿਆ" ਅਤੇ ਆਮ ਆਦਮੀ ਪਾਰਟੀ ਨੂੰ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ।

"ਕੇਜਰੀਵਾਲ ਦੀ ਪੰਜਾਬ ਵਿੱਚ ਹੋਈ ਹਾਰ ਦਾ ਮੁੱਖ ਕਾਰਨ ਇਹ ਸੀ ਕਿ ਉਨ੍ਹਾਂ ਨੇ ਉੱਥੇ ਇਹ ਨਹੀਂ ਕਿਹਾ ਸੀ ਕਿ ਜੇ ਉਨ੍ਹਾਂ ਦੀ ਪਾਰਟੀ ਸੂਬੇ ਵਿੱਚ ਜਿੱਤ ਜਾਂਦੀ ਹੈ, ਤਾਂ ਉਹ ਖ਼ੁਦ ਦਿੱਲੀ ਛੱਡ ਕੇ ਪੰਜਾਬ ਆਉਣਗੇ। ਜੇ ਉਹ ਵੋਟਰਾਂ ਨੂੰ ਇਹ ਭਰੋਸਾ ਦਵਾ ਦਿੰਦੇ ਤਾਂ ਸ਼ਾਇਦ ਉਹ ਨਾ ਹਾਰਦੇ।

ਇਹ ਵੀ ਦਿਲਚਸਪ ਰਿਹਾ ਹੈ ਕਿ ਉਸ ਚੋਣ ਵਿੱਚ ਕਾਂਗਰਸ ਦੇ ਅਮਰਿੰਦਰ ਸਿੰਘ ਨੂੰ ਉਹੀ ਪ੍ਰਸ਼ਾਂਤ ਕਿਸ਼ੋਰ ਸਲਾਹ ਦੇ ਰਹੇ ਸਨ ਜੋ ਦਿੱਲੀ ਦੀਆਂ ਚੋਣਾਂ ਵਿੱਚ ਕੇਜਰੀਵਾਲ ਦੇ ਸਲਾਹਕਾਰ ਸਨ।

ਹਾਲਾਂਕਿ ਉਸ ਹਾਰ ਤੋਂ ਬਾਅਦ ਕੇਜਰੀਵਾਲ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕੌਮੀ ਪੱਧਰ 'ਤੇ ਫਿਰ ਤੋਂ ਵਿਕਾਸ ਕਰਨ ਦੀ ਕੋਸ਼ਿਸ਼ ਕੀਤੀ। ਨਤੀਜੇ ਨਿਰਾਸ਼ਾਜਨਕ ਨਿਕਲੇ।

ਉਂਝ ਤਾਂ ਪਿਛਲੇ ਕਈ ਸੂਬੇ ਦੀਆਂ ਚੋਣਾਂ ਵਿੱਚ, ਮੋਦੀ-ਸ਼ਾਹ ਦੀ ਅਗਵਾਈ ਵਾਲੀ ਭਾਜਪਾ ਨੂੰ ਹਾਰ ਮਿਲੀ ਹੈ। ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਅਤੇ ਮਹਾਰਾਸ਼ਟਰ ਇਸ ਦੀਆਂ ਉਦਾਹਰਣਾਂ ਹਨ।

ਪਰ ਪਹਿਲਾਂ 2015 ਵਿੱਚ ਅਤੇ ਫਿਰ 2020 ਵਿੱਚ ਕੇਂਦਰ ਸਰਕਾਰ ਵਿੱਚ ਰਹਿੰਦੇ ਹੋਏ, ਭਾਜਪਾ ਨੂੰ ਸਭ ਤੋਂ ਵੱਡੀ ਹਾਰ ਆਮ ਆਦਮੀ ਪਾਰਟੀ ਤੋਂ ਹੀ ਮਿਲੀ ਹੈ। ਹੁਣ ਭਾਜਪਾ ਕੌਮੀ ਪੱਧਰ 'ਤੇ 'ਆਪ' ਦੇ ਵਧਣ ਦੀ ਅਗਲੀ ਕਿਸੇ ਵੀ ਕੋਸ਼ਿਸ਼ 'ਤੇ ਬਰੀਕੀ ਨਾਲ ਨਜ਼ਰ ਰੱਖੇਗੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਬੇਗਮਪੁਰਾ ਸਹਰ ਕੋ ਨਾਉ ॥



ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਸਮੇਂ ਦੇ ਹਾਲਾਤ।

ਭਾਰਤ ਵਿਚ ਆਰੀਆ ਲੋਕਾਂ ਦੇ ਆਉਣ ਤੋਂ ਬਾਅਦ ਕੇਵਲ ਮੋਰੀਆ ਕਾਲ ਨੂੰ ਛੱਡ ਕੇ 1947 ਤਾਕ ਭਾਰਤ ਦਾ ਮੂਲ ਨਿਵਾਸੀ ਸਮਾਜ ਗੁਲਾਮੀ ਨਾਲੋ ਬਦਤਰ ਹਾਲਤ ਵਿੱਚ ਭਾਰਤ ਵਿੱਚ ਆਰੀਆਈ ਹਿੰਦੂ ਸਮਾਜ ਦੇ ਮਨੂ ਦੇ ਕਾਨੂੰਨਾਂ ਅਤੇ ਹਿੰਦੂ ਧਾਰਮਿਕ ਸ਼ਾਸਤਰਾਂ ਅਨੁਸਾਰ ਅਛੂੱਤ ਅਤੇ ਮਾਨਵਤਾ ਦੇ ਮੁੱਢਲੇ ਅਧਿਕਾਰਾਂ ਤੋਂ ਵੰਚਿਤ ਹੀ ਨਹੀ ਰਿਹਾ ਸਗੋ ਕਿਸੇ ਹੋਰ ਦੇ ਗੁਨਾਹਾਂ ਦੀਆਂ ਸਜਾਵਾਂ ਵੀ ਭੁਗਤਦਾ ਰਿਹਾ ਹੈ। ਉਹ ਹਜਾਰਾਂ ਸਾਲਾਂ ਦੇ ਸੰਤਾਪ ਭੋਗਦੇ ਰਹੇ। ਭਾਰਤ ਵਿੱਚ ਬਾਹਰੀ ਹਮਲਾਵਰਾਂ ਦੇ ਆਉਣ ਨਾਲਗੁਲਾਮ ਅਛੂੱਤਾਂ ਉਤੇ ਜ਼ਬਰ ਘਟੀਆ ਹੈ। ਬਨਾਰਸ ਸਹਿਰ ਨੂੰ ਜੇ ਹਿੰਦੂ ਸਮਾਜ ਦੇ ਮਨੂਵਾਦੀ ਕਾਨੂੰਨਾਂ ਨੂੰ ਧਾਰਮਿਕ ਸ਼ਾਸਤਰਾਂ ਦੀ ਰਹਿਨੁਮਾਈ ਵਿੱਚ ਲਾਗੂ ਕਰਨ ਦੀ ਰਾਜਧਾਨੀ ਕਿਹਾ ਜਾ ਸਕਦਾ ਹੈ। ਇਤਿਹਾਸ ਦੇ ਪੰਨਿਆਂ ਨੂੰ ਦੇਖੀਏ ਤਾ ਜਦੋਂ ਜਦੋਂ ਹਿੰਦੂ ਧਰਮ ਦੀ ਭਾਰਤ ਦੀ ਵਿਵਸਥਾ ਉਤੇ ਪਕੜ, ਜਕੜ ਵਧੀ ਹੈ, ਭਾਰਤੀ ਮੂਲਨਿਵਾਸੀ ਸਮਾਜ ਉਤੇ ਜੁਲਮ ਵਧਿਆ ਅਤੇ ਢਿੱਲੀ ਹੋਣ ਨਾਲ ਘਟਿਆ ਹੈ।

ਬਨਾਰਸ ਉਤਰ ਪ੍ਰਦੇਸ਼ ਦੇ ਜੌਨਪੁਰ ਸ਼ਾਸ਼ਨ ਦੇ ਅਧੀਨ ਰਿਹਾ ਹੈ। 1206 ਵਿਚ ਆਈਬਕ ਦਿੱਲੀ ਵਿਚ ਸ਼ਹਿਨਸ਼ਾਹ ਬਣਿਆ ਅਤੇ 1210 ਤਕ ਰਾਜ ਕਰਦਾ ਰਿਹਾ। ਇਸ ਤਰ੍ਹਾਂ ਦਿੱਲੀ ਸਲਤਨਤ ਦੀ ਸਥਾਪਨਾ ਹੋਈ। ਫਿਰੋਜ਼ਸ਼ਾਹ ਤੁਗਲਕ ਦੇ 1351 ਤੋਂ 1388 ਦੇ ਰਾਜ ਅਧੀਨ ਮੁਹੰਮਦ ਗੌਰੀ ਦੇ ਇੱਕ ਹਮਲੇ ਵਿੱਚ 1300 ਵਿਆਂ ਵਿੱਚ ਮੰਦਰਾਂ ਨੂੰ ਫਿਰ ਤਬਾਹ ਕਰ ਦਿੱਤਾ ਗਿਆ। ਹਿੰਦੂਵਾਦੀ ਵਿਵਸਥਾ ਦੇ ਉਪਰ ਚੋਟ ਹੋਣ ਨਾ ਅਛੂੱਤ ਉਤੇ ਜਬਰ ਘੱਟਿਆ। ਅਜਿਹੇ ਸਮਾਜਿਕ, ਰਾਜਨੀਤਿਕ ਮਹੌਲ ਸਮੇਂ ਮਹਾਨ ਸਮਾਜ ਸੁਧਾਰਕ, ਮਾਨਵ ਬਰਾਬਰੀ ਦੇ ਹੱਕ ਵਿੱਚ ਹੋਕਾ ਦੇਣ ਵਾਲੇ ਮਹਾਨ ਸੰਤ, ਕਵੀ, ਇਨਕਲਾਬੀ ਹੋਏ ਹਨ।ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਭਾਰਤੀ ਸਮਾਜ ਦੇ ਹਿੰਦੂ ਧਰਮ ਅਧਾਰਤ ਸਮਾਜਿਕ ਵਰਣ ਵੰਡ ਦੇ ਚਾਰੇ ਵਰਣਾ ਤੋਂ ਬਾਹਰ ਰਖੇ ਆਵਰਣ ਅਛੱਤਸਮਾਜ ਦੀ ਚਮਾਰਜਾਤੀ ਵਿੱਚ ਹੋਇਆ। ਉਹ 1398 ਈ. ਨੂੰ ਬਨਾਰਸ ਵਿੱਚਮਾਤਾ ਕਲਸਾ ਦੇਵੀ, ਪਿਤਾ ਬਾਬਾ ਸੰਤੋਖ ਦਾਸ ਦੇ ਘਰ ਪੈਦਾ ਹੋਏ।

11 ਵੀਂ ਤੋਂ 17 ਵੀਂ ਸਦੀ ਦੌਰਾਨ ਮੁਸਲਮਾਨ ਹਮਲਾਵਰਾਂ ਨੇ ਘੱਟੋ ਘੱਟ ਚਾਰ ਵਾਰ ਸ਼ਹਿਰ ਨੂੰ ਨਸ਼ਟ ਕੀਤਾ। ਹਾਲਾਂਕਿ, ਇਹ ਬਚ ਗਿਆ ਅਤੇ ਵਾਰ ਵਾਰ ਮੰਦਰਾਂ ਦੀ ਦੁਬਾਰਾ ਭਾਲ ਕੀਤੀ ਗਈ, ਸਮਾਰਕਾਂ ਦੀ ਮੁਰੰਮਤ ਕੀਤੀ ਗਈ ਅਤੇ ਦੁਬਾਰਾ ਬਣਾਇਆ ਗਿਆ। 14ਵੀ ਸਦੀਦੇ ਦਹਾਕੇ ਵਿਚ, ਇਹ ਸ਼ਹਿਰ ਜੌਨਪੁਰ ਦੇ ਸ਼ਾਰਕੀ ਰਾਜਿਆਂ ਦੇ ਸ਼ਾਸਨ ਅਧੀਨ ਆਇਆ, ਅਤੇ ਮੰਦਰਾਂ ਨੂੰ ਫਿਰ ਤਬਾਹ ਦਿੱਤਾ ਗਿਆ, ਅਤੇ ਉਨ੍ਹਾਂ ਦੇ ਬਲਾਕ ਜੌਨਪੁਰ ਵਿਚ ਇਕ ਮਸਜਿਦਾਂ ਦੀ ਉਸਾਰੀ ਹੋਣ ਲਗੀ। ਕੁੱਝ ਸਮਾ ਮਹੌਲ ਸ਼ਾਂਤ ਹੋਇਆ ਤਾਂ ਫਿਰ ਤੋ, ਹਿੰਦੂਆਂ ਨੇ ਮੰਦਰਾਂ ਅਤੇ ਲਿੰਗਾਂ ਨੂੰ ਦੁਬਾਰਾ ਬਣਾਇਆ, ਪਰ ਹਮਲਾਵਰਾਂ ਦੀ ਅਗਲੀ ਕਾਰਵਾਈ ਨਾਲ ਦੁਆਰਾ ਦੁਬਾਰਾ ਤਬਾਹ ਕਰ ਦਿੱਤਾ ਗਿਆ। ਜਿਵੇਂ ਜਿਵੇਂ ਸਮਾਂ ਲੰਘਦਾ ਗਿਆ, ਇਹ ਸ਼ਹਿਰ ਲੋਦੀ (1451-1526) ਦੇ ਸ਼ਾਸਨ ਅਧੀਨ ਆ ਗਿਆ, ਜਿਸ ਨੇ ਸ਼ਰੀਕਾਂ ਤੋਂ ਸ਼ਕਤੀ ਪ੍ਰਾਪਤ ਕੀਤੀ ਅਤੇ ਸ਼ਹਿਰ ਦਾ ਇਕ ਵੱਡਾ ਹਿੱਸਾ ਅਬਰਾਹਿਮ ਲੋਦੀ ਦੁਆਰਾ ਦੁਬਾਰਾ ਤਬਾਹ ਕਰ ਦਿੱਤਾ ਗਿਆ।



ਹਰਦੀਪ ਸਿੰਘ ਚੁੰਬਰ
+91-94636-01616

### ਫਿਲਾਸਫੀ ਅਤੇ ਉਸ ਨੂੰ ਲਾਗੂ ਕਰਨਾ

ਸ਼੍ਰੀ ਗੁਰੂ ਰਵਿਦਾਸ ਜੀ ਦੀ ਮਾਨਵਤਾ ਦੀ ਫਿਲਾਸਫੀ ਨੂੰ ਜੇ ਕਰ ਇਕ ਨਾਈਨ ਵਿੱਚ ਬਿਆਨ ਕਰਨਾ ਹੋਵੇ ਤਾਂ "ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ"॥ ਹੀ ਕਾਫੀ ਹੈ। ਉਹ ਬਰਾਬਰੀ ਅਧਾਰਤ ਸਮਾਜ ਦੀ ਹੋਂਦ ਹੋਣਾ ਹੀ ਜੀਵਨ ਭਰ ਵਕਾਲਤ ਕਰਦੇ ਰਹੇ। ਜੇ ਕਰ ਸਿਧਾਰਥ ਗੌਤਮ ਤਥਾਗਤ ਬੁੱਧ, ਮਹਾਨ ਸਮਰਾਟ ਅਸ਼ੋਕ, ਬਾਬਾ ਸਾਹਿਬ ਡਾ, ਭੀਮ ਰਾਓ ਅੰਬੇਡਕਰ, ਸ਼੍ਰੀ ਗੁਰੂ ਰਵਿਦਾਸ ਜੀ ਅਤੇ ਸਿੱਖ ਧਰਮ ਦੇ ਸਾਰੇ ਹੀ ਗੁਰੂ ਸ਼੍ਰੀ ਗੁਰੂ ਗਰੰਥ ਸਾਹਿਬ ਵਿਚਲੀ ਫਿਲਾਸਫੀ ਇਕੋ ਹੈ। ਉਹਨਾ ਰਹਿਬਰਾਂ ਦੇ ਜੀਵਨ ਸੰਘਰਸ਼ ਨੂੰ ਦੇਖੀਏ ਉਹ ਇਨਸ਼ਾਨ ਨੂੰ ਇਨਸ਼ਾਨ ਦੇ ਜੁਲਮ ਤੋ ਨਿਯਾਤ ਦਿਵਾਉਣਾਂ ਹੀ ਮੰਤਵ ਸੀ।

1. ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਸ਼੍ਰੀ ਗੁਰੂ ਰਵਿਦਾਸ ਜੀ।
2. ਮਾਨੁਸ ਕੀ ਜਾਤ, ਸਭੈ ਏਕੈ ਪਹਿਚਾਨਬੋ।। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ।

ਜਦੋਂ ਜਦੋਂ ਭਾਰਤ ਦੀ ਵਿਵਸਥਾ ਦੀ ਡੋਰ ਮੂਲਨਿਵਾਸੀਆਂ ਦੇ ਹੱਥ ਆਈ ਹੈ ਭਾਰਤ ਮਜਬੂਤ ਹੋਇਆ ਹੈ, ਬੁੱਧ, ਅਸ਼ੋਕ, ਸ਼ਿਵਾ ਜੀ, ਸ਼ਾਹੂ ਜੀ, ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ ਵਰਗੀਆਂ ਬਹੁਤ ਸਾਰੀਆਂ ਉਧਾਰਨਾ ਮਿਲ ਜਾਂਦੀਆਂ ਹਨ। ਸਮਾਜ ਵਿੱਚ ਬਰਾਬਰਤਾ ਆਈ ਹੈ। ਜੇ ਕਰ ਰਾਸ਼ਟਰ ਨੂੰ ਦਿਸ਼ਾ ਨਿਰਦੇਸ਼ ਕਰਨ ਅਤੇ ਸੰਵਿਧਾਨ ਬਨਾਉਣ ਦਾ ਮੌਕਾ ਮਿਲਆ ਹੈ ਤਾਂ ਵੀ ਮਾਨਵਤਾ ਬਰਾਬਰੀ ਹੀ ਸਿਰਜਣ ਦਾ ਉਪਰਾਲਾ ਕੀਤਾ ਹੈ।

ਬਾਬਾ ਸਾਹਿਬ ਸਾਰਾ ਜੀਵਨ ਮਾਨਵ ਬਰਾਬਰੀ ਦੀ ਲੜਾਈ ਲੜਦੇ ਰਹੇ ਉਹਨਾਂ ਨੂੰ ਉਪਰੋਕਤ ਫਿਲਾਸਫੀ ਨੂੰ ਲਾਗੂ ਕਰਨ ਦਾ ਮੌਕਾ 1947 ਦੇ ਅੰਗਰੇਜ਼ ਸ਼ਾਸ਼ਨ ਦੇ ਖਤਮ ਹੋਣ ਉਤੇ ਮਿਲਿਆ। ਉਹਨਾਂ ਭਾਰਤੀ ਨਾਗਰਿਕਾਂ ਬਰਾਬਰੀ ਅਧਾਰਤ ਸਮਾਜ ਸੰਰਚਨਾ ਕਰਨ ਦਾ ਕੰਮ ਕੀਤਾ। ਭਾਰਤ ਦੇ ਸੰਵਿਧਾਨ ਦੀ ਉਦੇਸ਼ਿਕਾ ਹੀ ਭਾਰਤੀ ਸੰਵਿਧਾਨ ਦੇ ਵਿਸਥਾਰ ਦੀ ਰਚਨਾ ਦੇ ਅਧਾਰ ਨੂੰ ਬਿਆਨ ਕਰ ਦਿੰਦੀ ਹੈ। ਇਸ ਨੂੰ 26 ਜਨਵਰੀ 1950 ਨੂੰ ਲਾਗੂ ਕੀਤੀ ਗਿਆ।

**ਭਾਰਤੀ ਸੰਵਿਧਾਨ ਦੀ ਉਦੇਸ਼ਿਕਾ-** ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਇਕਪ੍ਰਭੂਸਤ੍ਹਾਸੰਪਨ, ਸਮਾਜਵਾਦੀ, ਧਰਮ ਨਿਰਪੱਖ, ਲੋਕਤਾਂਤਰਿਕ ਗਣਰਾਜ ਬਨਾਉਣ ਲਈ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ:

**ਸਮਾਜਿਕ, ਆਰਥਿਕ ਅਤੇ ਰਾਜਨੀਤਿਕਨਿਆਂ;**

ਵਿਚਾਰ, ਪ੍ਰਗਟਾਵਾ, ਵਿਸ਼ਵਾਸ, ਧਰਮ ਅਤੇ ਪੂਜਾ ਦੀ ਖੁੱਲ;

ਅਤੇ ਸਾਰਿਆਂ ਵਿਚ ਉਤਸ਼ਾਹਤ ਕਰਨ ਲਈਸਥਿਤੀ ਅਤੇ ਅਵਸਰ ਦੀ ਯੋਗਤਾ;

ਵਿਅਕਤੀਗਤ ਦੀ ਇੱਜ਼ਤ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣਾ; ਉਪਰੋਕਤ ਸਾਰਾ "ਮਾਨੁਸ ਕੀ ਜਾਤ, ਸਭੈ ਏਕੈ ਪਹਿਚਾਨਬੋ"। ਨੂੰ ਲਾਗੂ ਕਰ ਦਾ ਹੀਪ੍ਰੋਗਰਾਮ ਹੈ। ਅਜੋਕੇ ਸਮੇ ਦੀ ਸਰਕਾਰ ਨੇ ਜੋ ਨਾਗਰਿਕਤਾ ਸੰਸੋਧਨ ਕਾਨੂੰਨ ਬਣਾਇਆ ਹੈ, ਸੰਵਿਧਾਨ ਦੀ ਉਦੇਸ਼ਿਕਾ ਦੇ ਮਾਪਦੰਡ ਉਤੇ ਪੂਰਾ ਨਹੀਂ ਉਤਰਦਾ। ਇਕ ਧਰਮ ਵਿਸ਼ੇਸ਼ ਨੂੰ ਦੇਖਦੇ ਪੱਖਪਾਤੀ ਹੈ। ਰਾਸ਼ਟਰ ਨੂੰ ਇਕ ਧਰਮ ਵਿਸ਼ੇਸ ਦੀ ਪ੍ਰਧਾਨਤਾ ਪ੍ਰਦਾਨ ਕਰਨਾ ਰਾਸ਼ਟਰ ਹਿੱਤ ਵਿੱਚ ਨਹੀਂ ਹੈ।

ਸਮਾਜਿਕ ਵਿਵਸਥਾ ਵਿੱਚ ਅਮਰੀਕਾ, ਕਨੇਡਾ, ਇੰਗਲੈਂਡ, ਜਰਮਨੀ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਦੀ ਤਾਰੀਫ ਕਰਨੀ ਬਣਦੀ ਹੈ। ਉਹ ਲੋਕ ਬਹੁਤ ਇਨਸਾਫ ਪਸੰਦ ਲੋਕ ਹਨ। ਭਾਰਤ ਵਿਚ ਅਜਾਦੀ ਦੀ ਲਹਿਰ ਦਾ ਮੁਢ ਬੰਨਣ ਦਾ ਸ਼੍ਰੇਅ ਕਾਂਗਰਸ ਪਾਰਟੀ ਆਪਣੇ ਸਿਰ ਬੰਨਦੀ ਹੈ। ਇਸ ਦਾ ਮੂਲ ਰੂਪ ਵਿੱਚ ਯੌਗਦਾਨ ਇਕ ਅੰਗਰੇਜ ਨੂੰ ਹੀ ਜਾਂਦਾ ਹੈ। ਇੰਡੀਅਨ ਨੈਸ਼ਨਲ ਕਾਂਗਰਸ ਨੇ ਸੇਵਾਮੁਕਤ ਸਿਵਲ ਸਰਵਿਸਿਜ਼ ਅਧਿਕਾਰੀ ਐਲਨ ਆਕਟਾਵੀਅਨ ਹਿਊਮ ਦੀ ਪਹਿਲਕਦਮੀ ਤੋਂ 28 ਤੋਂ-31 ਦਸੰਬਰ 1885 ਤਕ ਬੰਬੇ ਵਿਚ ਆਪਣਾ ਪਹਿਲਾ ਸੈਸ਼ਨ ਕੀਤਾ। 1883 ਵਿਚ, ਹਿਊਮ ਨੇ ਕਲਕੱਤਾ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਨੂੰ ਇਕ ਖੁੱਲੇ ਪੱਤਰ ਵਿਚ ਭਾਰਤੀ ਹਿੱਤਾਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ ਬਾਰੇ ਆਪਣੇ ਵਿਚਾਰ ਦੀ ਰੂਪ ਰੇਖਾ ਦਿੱਤੀ ਸੀ। ਇਸਦਾ ਉਦੇਸ਼ ਪੜ੍ਹੇ-ਲਿਖੇ ਭਾਰਤੀਆਂ ਲਈ ਸਰਕਾਰ ਵਿਚ ਵੱਧ ਤੋਂ ਵੱਧ ਹਿੱਸਾ ਲੈਣਾ ਅਤੇ ਉਨ੍ਹਾਂ ਅਤੇ ਬ੍ਰਿਟਿਸ਼ ਰਾਜ ਵਿਚਾਲੇ ਨਾਗਰਿਕ ਅਤੇ ਰਾਜਨੀਤਿਕ ਗੱਲਬਾਤ ਦਾ ਮੰਚ ਤਿਆਰ ਕਰਨਾ ਸੀ। ਹਿਊਮ ਨੇ ਪਹਿਲ ਕੀਤੀ ਅਤੇ ਮਾਰਚ 1885 ਵਿਚ ਅਗਲੇ ਦਸੰਬਰ ਵਿਚ ਪੂਨਾ ਵਿਚ ਹੋਣ ਵਾਲੀ ਇੰਡੀਅਨ ਨੈਸ਼ਨਲ ਯੂਨੀਅਨ ਦੀ ਪਹਿਲੀ ਬੈਠਕ ਸੱਦਣ ਦਾ ਨੋਟਿਸ ਜਾਰੀ ਕੀਤਾ ਗਿਆ। ਉਥੇ ਹੀ ਹੈਜ਼ਾ ਦੇ ਪ੍ਰਕੋਪ ਦੇ ਕਾਰਨ, ਇਸਨੂੰ ਬੰਬੇ ਭੇਜ ਦਿੱਤਾ ਗਿਆ। ਹਿਊਮ ਨੇ ਵਾਇਸਰਾਇ ਲਾਰਡ ਡਫਰਿਨ ਦੀ ਮਨਜ਼ੂਰੀ ਨਾਲ ਬੰਬੇ ਵਿਚ ਪਹਿਲੀ ਮੁਲਾਕਾਤ ਕੀਤੀ। ਵੋਮੇਸ਼ ਚੰਦਰ ਬੋਨਰਜੀ ਕਾਂਗਰਸ ਦੇ ਪਹਿਲੇ ਪ੍ਰਧਾਨ ਬਣੇ ਸਨ; ਪਹਿਲੇ ਸੈਸ਼ਨ ਵਿਚ ਭਾਰਤ ਦੇ ਹਰੇਕ ਪ੍ਰਾਂਤ ਦੀ ਨੁਮਾਇੰਦਗੀ ਕਰ ਰਹੇ 72 ਡੈਲੀਗੇਟਾਂ ਨੇ ਭਾਗ ਲਿਆ ਸੀ।

### ਚਮਤਕਾਰਵਾਦ ਤੋਂ ਬਚਣ ਦੀ ਲੋੜ

ਕਿਸੇ ਵਿਅਕਤੀ ਵਿਸ਼ੇਸ਼ ਨੂੰ ਖਤਮ ਕਰਨਾ ਹੋਵੇ ਤਾਂ ਇਕ ਤਰੀਕਾ ਹੈ ਕਿ ਉਸ ਦੀ ਐਨੀ ਤਾਰੀਫ ਕਰੋ ਲੋਕ ਉਸ ਵਰਗੇ ਬਣਨ ਦੀ ਕੋਸ਼ਿਸ਼ ਬਾਰੇ ਨਾਂ ਸੋਚਣ। ਕਹਾਣੀਆਂ ਐਦਾਂ ਦੀਆਂ ਬਣਾ ਦਿਉ ਕਿ ਜਿਵੇਂ ਉਸ ਉਤੇ ਗਾਇਬੀ ਸ਼ਕਤੀ ਦੀ ਦਾ ਅਸ਼ੀਰਵਾਦ ਹੋਵੇ। ਲੋਕ ਉਸ ਦੇ ਇਨਕਲਾਬੀ ਰਾਹ ਤੇ ਤੁਰਨ ਦੀ ਸੋਚ ਨਾਂ ਸਕਣ ਅਤੇ ਹਿਮਤ ਵੀ ਨਾ ਕਰ ਸਕਣ। ਇਸ ਨੂੰ ਉਸ ਮਹਾਨ ਵਿਅਕਤੀ ਦਾ ਮਿਸ਼ਨ ਖਤਮ ਕਰਨ ਵਿਚ ਸਹਾਈ ਹੁੰਦਾ।

ਜੇ ਕਰ ਕੁੱਝ ਲੋਕ ਉਸ ਨੂੰ ਮੰਨਣ ਵੀ ਲਗ ਜਾਣ ਤਾਂ ਸਿਰਫ ਭਗਤੀ ਹੀ ਕਰਨ, ਸਤ੍ਹਾ ਲਈ ਚਣੌਤੀ ਨਾਂ ਬਣਨ।

ਸਾਖਰਤਾ ਤੇ ਸਿੱਖਿਆ ਵਿਵਸਥਾ ਨੂੰ ਖਤਮ ਕਰਨਾਂ, ਧਰਮ ਵਿੱਚ ਚਮਤਕਾਰ ਨੂੰ ਸਾਮਿਲ ਕਰਨ ਨੂੰ ਸੌਖਿਆਂ ਕਰਦਾ ਹੈ ਅਤੇ ਪੱਕੇ ਤੌਰ ਤੇ ਲਾਗੂ ਦਾ ਕੰਮ ਕਰਦਾ ਹੈ। ਤਰਸ਼ੀਲ ਬੁੱਧੀ ਨੂੰ ਨਸ਼ਟ ਕਰਦਾ ਹੈ। ਅਜੇਹੇ ਚਮਤਕਾਰਵਾਦ ਨੂੰ ਜੀਵਤ ਰਖਣ ਵਾਲੇ ਧਰਮ ਸਮਾਜ ਵਿੱਚ ਮੂਰਖਤਾ ਵਿੱਚ ਵਾਧਾ ਕਰ ਰਾਜਾਸ਼ਾਹੀ ਵਿਵਸਥਾ ਨੂੰ ਮਜਬੂਤ ਕਰਦੇ ਹਨ। ਦੇਸ਼ ਦੀ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਸ਼ਕਤੀ ਨੂੰ ਮੁੱਠੀ ਭਰ ਲੋਕਾਂ ਦੇ ਹੱਥ ਵਿੱਚ ਇਕੱਠੀ ਕਰਨ ਲਈ ਸਹਾਇਕ ਹੁੰਦਾ ਹੈ।

ਭਾਰਤ ਦਾ ਆਪਣਾ ਸਭ ਤੋਂ ਪੁਰਾਣਾ ਧਰਮ ਬੁੱਧ ਧਰਮ ਹੈ। ਇਹ ਹਰ ਸਵਾਲ ਪੁੱਛਣ ਦੀ ਇਜਾਜਤ ਦਿੰਦਾ ਹੈ।ਸਿਧਾਰਥ ਗੌਤਮ ਤਾਥਾਗਤ ਭਾਵ ਸੱਚ ਦੇ ਗਿਆਨ ਨਾਲ ਬੁੱਧ ਬਣੇ। ਤਾਥਾਗਤ ਆਤਮਾ, ਪ੍ਰਮਾਤਮਾ ਅਤੇ ਮਹਾਤਮਾ ਜੋਂ ਦੂਰ ਰਹੇ। ਫਿਰ ਵੀ ਸਹੀਦ ਊਧਮ ਸਿੰਘ ਜਿਹੜਾ ਮੁਹੰਮਦ ਸਿੰਘ ਅਜਾਦ ਨੂੰ ਰਾਮ ਮੁਹੰਮਦ ਸਿੰਘ ਅਜਾਦ ਬਨਾਉਣ ਦੀ ਤਰਾਂ ਹੀ ਮਹਾਤਮਾ ਬੁੱਧ ਬਣ ਗਏ, ਅਤੇ ਵਿਸ਼ਨੂੰ ਦੇ ਅਵਤਾਰ ਬਣਾ ਦਿਤੇ ਗਏ। ਬੁੱਧਵਾਦ ਅਤੇ ਸਿੱਖ ਧਰਮ ਚਮਤਕਾਰਾਂ ਨੂੰ ਥਾਂ ਨਹੀਂ ਦਿੰਦਾ।

ਸੰਸਾਰ ਦੀ ਪਹਿਲੀ ਗਣਰਾਜ ਵਿਵਸਥਾ ਮੌਰੀਆ ਰਾਜ ਦੇ ਆਖਰੀ ਰਾਜਾ ਦੇ ਖਤਮ ਹੋਣ ਨਾਲ ਹੀ ਖਤਮ ਹੋ ਗਿਆ, ਬ੍ਰਾਹਮਣ ਰਾਜ ਸੁੰਗ ਵੰਸ਼ ਦੀ ਸੁਰੂਆਤ ਨਾਲ ਰਾਜਾਸ਼ਾਹੀ ਨੇ ਮਨੂਵਾਦ ਦੇ ਭਾਰਤੀ ਮੂਲ ਵਾਸੀਆਂ ਦੇ ਮੌਲਿਕ ਅਧਿਕਾਰ ਖਤਮ ਕਰ ਦਿਤਾ। ਉਹਨਾ ਨੂੰ ਗੁਲਾਮ ਅਤੇ ਅਛੂੱਤ ਬਣਾ ਸਾਰੇ ਅਧਿਕਾਰ ਖੋਹ ਲਏ। ਕੜੇ ਕਾਨੂੰਨ ਬਣਾ ਉਹਨਾਂ ਨੂੰ ਸਜਾਵਾ ਦੇਣ ਲਗੇ। "ਬੇਗਮਪੁਰਾ ਸਹਰ ਕੋ ਨਾਉ"॥

ਮੂਲ ਭਾਰਤੀ ਜਨਸਮੂਹ ਲਈ ਦੁੱਖਾਂ ਅਤੇ ਗਮਾਂ ਦਾ ਸ਼ਹਿਰ ਬਣਾ ਦਿਤਾ।ਮਾਨੁਸ ਕੀ ਜਾਤ, ਸਭੈ ਏਕੈ ਪਹਿਚਾਨਬੋ ।। ਨੂੰ ਬਦਲਕੇ ਵੰਡੀਆਂ ਪਾ ਦਿਤੀਆਂ। ਸਾਰੇ ਧਰਮਾਂ ਜਾਤੀਆਂ, ਨਸ਼ਲਾ, ਵਰਗਾਂ, ਬੋਲੀਆਂ, ਖਿਤਿਆਂ ਨੂੰ ਬਰਾਬਰੀ ਦਾ ਸਨਮਾਨ ਯੋਗ ਸਥਾਨ ਦੇ ਸੰਵਿਧਾਨ ਨੂੰ ਬਨਾਉਂਣਾ ਨਾਮੁਮਕਿਨ ਹੈ। ਇਹ ਮਾਨਵਤਾਵਾਦੀ ਕਦਰਾਂ ਕੀਮਤਾਂ ਨੂੰ ਬਣਾਏ ਰਖਣ ਦੀ ਪ੍ਰੋੜਤਾ ਕਰਦਾ ਹੈ। ਸੱਜੇ ਦੇਸ਼ ਭਗਤ ਅਤੇ ਨਾਗਰਿਕ ਹੋਣ ਦੇ ਨਾਤੇ ਸਾਨੂੰ ਸਾਰੇ ਭਾਰਤੀਆਂ ਸਾਡੇ ਸੰਵਿਧਾਨ ਨੂੰ ਉਸ ਦੀ ਮੂਲ ਉਦੇਸ਼ਿਕਾ ਦੇ ਹਿਸਾਬ ਸੰਭਾਲਣ ਦੀ ਲੋੜ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਲੁਧਿਆਣਾ ਵਿਚ ਵੀ ਸ਼ਾਹੀਨ ਬਾਗ਼ ਵਰਗਾ ਪ੍ਰਦਰਸ਼ਨ ਹੋਵੇਗਾ

**ਲੁਧਿਆਣਾ–** ਸ਼ਾਹੀ ਇਮਾਮ ਪੰਜਾਬ ਮੌਲਾਨਾ ਹਬੀਬਉਰ ਰਹਿਮਾਨ ਸਾਨੀ ਲੁਧਿਆਣਵੀ ਨੇ ਐਲਾਨ ਕੀਤਾ ਹੈ ਕਿ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਕਾਲੇ ਕਾਨੂੰਨਾਂ ਖ਼ਿਲਾਫ਼ ਦਿੱਲੀ ਦੇ ਸ਼ਾਹੀਨ ਬਾਗ਼ ਵਾਂਗ ਲੁਧਿਆਣਾ ਵਿਚ ਵੀ ਰੋਜ਼ਾਨਾ ਪ੍ਰਦਰਸ਼ਨ 12 ਫਰਵਰੀ ਤੋਂ ਜਲੰਧਰ ਬਾਈਪਾਸ ਚੌਕ ਵਿਚ ਸ਼ੁਰੂ ਕੀਤਾ ਜਾਵੇਗਾ। ਸ਼ਾਹੀ ਇਮਾਮ ਨੇ ਇਹ ਫ਼ੈਸਲਾ ਅੱਜ ਇੱਥੇ ਇਤਿਹਾਸਕ ਜਾਮਾ ਮਸਜਿਦ ਵਿਚ ਸ਼ਹਿਰ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਨਾਲ ਮੀਟਿੰਗ ਮਗਰੋਂ ਲਿਆ।

ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼ਾਹੀ ਇਮਾਮ ਨੇ ਕਿਹਾ ਕਿ ਜਲੰਧਰ ਬਾਈਪਾਸ ਨੂੰ ਇਸ ਲਈ ਚੁਣਿਆ ਗਿਆ ਕਿਉਂਕਿ ਇੱਥੇ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਡਾ. ਭਾਮ ਰਾਓ ਅੰਬੇਡਕਰ ਦਾ ਬੁੱਤ ਲੱਗਾ ਹੋਇਆ ਹੈ ਅਤੇ ਇਹ ਅੰਦੋਲਨ ਸੰਵਿਧਾਨ ਨੂੰ ਬਚਾਉਣ ਅਤੇ ਹਰੇਕ ਭਾਰਤੀ ਦੇ ਮਾਣ-ਸਨਮਾਨ ਲਈ ਚਲਾਇਆ ਜਾਵੇਗਾ। ਇਸ ਪ੍ਰਦਰਸ਼ਨ ਦੀ ਸ਼ੁਰੂਆਤ ਸਾਰੇ ਧਰਮਾਂ ਵੱਲੋਂ ਅਰਦਾਸ ਮਗਰੋਂ ਕੀਤੀ ਜਾਵੇਗੀ।

ਸ਼ਾਹੀ ਇਮਾਮ ਨੇ ਦੱਸਿਆ ਕਿ ਇਹ ਪ੍ਰਦਰਸ਼ਨ ਰੋਜ਼ਾਨਾ ਸਵੇਰੇ 10 ਤੋਂ ਰਾਤ 10 ਵਜੇ ਤੱਕ ਹੋਵੇਗਾ, ਜਿਸ ਵਿਚ ਵੱਖ-ਵੱਖ ਸੰਗਠਨਾਂ ਦੇ ਲੋਕ ਉੱਥੇ ਪ੍ਰਦਰਸ਼ਨ ਕਰ ਰਹੀਆਂ ਔਰਤਾ ਅਤੇ ਪੁਰਸ਼ਾਂ ਨੂੰ ਸੰਬੋਧਨ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਪ੍ਰਦਰਸ਼ਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜਿਨ੍ਹਾਂ ਵਿਚ ਪ੍ਰਬੰਧਕ ਕਮੇਟੀ, ਤਾਲਮੇਲ ਕਮੇਟੀ, ਸੁਰੱਖਿਆ ਕਮੇਟੀ, ਪ੍ਰੈੱਸ ਕਮੇਟੀ ਬਣਾਈਆਂ ਗਈਆਂ ਹਨ। ਇਸ ਮੌਕੇ ਮੌਲਾਨਾ ਉਸਮਾਨ ਰਹਿਮਾਨੀ, ਮੁਹੰਮਦ ਮੁਸਤਕੀਮ ਅਤੇ ਹਸਨ ਕੇਸਰ ਵੀ ਹਾਜ਼ਰ ਸਨ।

### ਮਾਨਸਾ ਵਿਚ ਪੱਕੇ ਮੋਰਚੇ ਦੀਆਂ ਤਿਆਰੀਆਂ ਮੁਕੰਮਲ

ਮਾਨਸਾ– 'ਸੰਵਿਧਾਨ ਬਚਾਓ ਮੰਚ' ਪੰਜਾਬ ਦੀ ਕੋਰ ਕਮੇਟੀ ਨੇ ਦੱਸਿਆ ਕਿ 12 ਫਰਵਰੀ ਨੂੰ ਐਨਆਰਸੀ, ਸੀਏਏ ਅਤੇ ਐਨਪੀਆਰ ਦੀ ਵਾਪਸੀ ਲਈ ਪੰਜਾਬ ਦੇ ਲੋਕਾਂ ਵੱਲੋਂ ਮਾਨਸਾ ਤੋਂ ਸ਼ਾਹੀਨ ਬਾਗ਼ ਦਿੱਲੀ ਦੀ ਤਰਜ਼ 'ਤੇ ਲਾਏ ਜਾ ਰਹੇ ਪੱਕੇ ਮੋਰਚੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਮੰਚ ਦੇ ਮੈਂਬਰਾਂ ਨੇ ਇਸ ਗੱਲ 'ਤੇ ਖ਼ੁਸ਼ੀ ਪ੍ਰਗਟਾਈ ਕਿ ਪੰਜਾਬ ਦੇ ਲੋਕ ਉਨ੍ਹਾਂ ਦੇ ਮੰਚ ਨੂੰ ਵੱਡੇ ਪੱਧਰ 'ਤੇ ਸਮਰਥਨ ਦੇ ਰਹੇ ਹਨ ਅਤੇ ਲੋਕਾਂ ਵਿਚ ਇਸ ਮੋਰਚੇ ਪ੍ਰਤੀ ਉਤਸ਼ਾਹ ਹੈ। ਮੰਚ ਦੇ ਮੈਂਬਰਾਂ ਨੇ ਦੱਸਿਆ ਕਿ ਸ਼ਾਹੀਨ ਬਾਗ਼ ਮੋਰਚੇ ਤੋਂ ਰੂਬੀ ਸ਼ਾਹੀਨ, ਰਾਜੀਆ ਅਤੇ ਸੁਲਤਾਨਾ ਬੇਗ਼ਮ ਇਸ ਮੋਰਚੇ ਦੀ ਸ਼ੁਰੂਆਤ ਕਰਵਾਉਣ ਲਈ ਆ ਰਹੇ ਹਨ।

ਇਸ ਤੋਂ ਇਲਾਵਾ ਜੇਐਨਯੂ ਤੋਂ ਸੁਚੇਤਾ ਡੇਅ, ਆਸ਼ੂਤੋਸ਼ ਕੁਮਾਰ, ਮੁਫ਼ਤੀ ਇਰਤਾਕ ਉਲ ਹਸਨ ਜੁਆਇੰਟ ਐਕਸ਼ਨ ਕਮੇਟੀ ਮੈਂਬਰ ਪੰਜਾਬ ਅਤੇ ਡਾ. ਧਰਮਵੀਰ ਗਾਂਧੀ ਸਾਬਕਾ ਮੈਂਬਰ ਪਾਰਲੀਮੈਂਟ ਪਹੁੰਚਣਗੇ।

# ਅਕਾਲ ਤਖ਼ਤ ਦੇ ਨਹੀ, ਸਿਸਟਮ ਦੇ ਖ਼ਿਲਾਫ਼ ਹਾਂ: ਢੱਡਰੀਆਂਵਾਲਾ

**ਜੋਗਾ–** ਪਰਜਾ ਮੰਡਲ ਲਹਿਰ ਦੇ ਮੋਢੀ ਕਾਮਰੇਡ ਜੰਗੀਰ ਸਿੰਘ ਜੋਗਾ ਦੇ ਜੱਦੀ ਸ਼ਹਿਰ ਜੋਗਾ ਵਿਚ ਪੁਲੀਸ ਦੇ ਸਖ਼ਤ ਪਹਿਰੇ ਹੇਠ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਤਿੰਨ ਰੋਜ਼ਾ ਦੀਵਾਨ ਸਫ਼ਲਤਾਪੂਰਵਕ ਸਮਾਪਤ ਹੋ ਗਏ। ਦੀਵਾਨਾਂ ਦੇ ਆਖ਼ਰੀ ਘੰਟੇ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਐਲਾਨ ਕੀਤਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਨ ਪਰ ਅਕਾਲ ਤਖ਼ਤ ਸਾਹਿਬ ਦੇ ਸਿਸਟਮ ਦੇ ਖ਼ਿਲਾਫ਼ ਹਨ। ਇਸੇ ਦੌਰਾਨ ਮੁਤਵਾਜ਼ੀ ਜਥੇਦਾਰ ਅਮਰੀਕ ਸਿੰਘ ਅਜਨਾਲਾ ਦੇ ਨਜ਼ਦੀਕੀ ਭਾਈ ਰਣਜੀਤ ਸਿੰਘ ਵਾਂਦਰ ਨੇ ਦੱਸਿਆ ਕਿ ਜਥੇਦਾਰ ਬਚਿੱਤਰ ਸਿੰਘ ਦੀ ਅਗਵਾਈ ਹੇਠ ਢੱਡਰੀਆਂਵਾਲਾ ਦੇ ਦੀਵਾਨਾਂ ਦਾ ਵਿਰੋਧ ਕਰਨ ਜਾ ਰਹੇ 15 ਸਿੰਘਾਂ ਨੂੰ ਅੱਜ ਪਿੰਡ ਢੈਪਈ ਨੇੜੇ ਗ੍ਰਿਫ਼ਤਾਰ ਕੀਤਾ ਗਿਆ ਹੈ।



ਭਾਈ ਰਣਜੀਤ ਸਿੰਘ ਨੇ ਸੰਗਤ ਨੂੰ ਗੁਰੂ ਸਾਹਿਬਾਨ ਵੱਲੋਂ ਦਰਸਾਏ ਰਾਹ 'ਤੇ ਚੱਲਣ ਲਈ ਪ੍ਰੇਰਿਆ ਤੇ ਵੱਖ-ਵੱਖ ਥਾਵਾਂ 'ਤੇ ਧਾਰਮਿਕ ਦੀਵਾਨ ਲਾਉਣ ਦਾ ਵਾਅਦਾ ਕੀਤਾ।

ਇਸ ਦੌਰਾਨ ਗੁਰਦੁਆਰਾ ਪਰਮੇਸ਼ਰ ਦੁਆਰ ਤੋਂ ਆਏ ਪੰਜ ਪਿਆਰਿਆਂ ਨੇ ਸ਼ਹਿਰ ਜੋਗਾ ਦੇ ਗੁਰਦੁਆਰੇ ਵਿਖੇ 87 ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ। ਸ਼ਹਿਰ ਜੋਗਾ 'ਚ ਅੱਜ ਦੀਵਾਨਾਂ ਦੇ ਆਖ਼ਰੀ ਦਿਨ 1756 ਪੁਲੀਸ ਕਰਮਚਾਰੀ ਐਸ.ਪੀ.ਡੀ ਸੁਰਿੰਦਰ ਕੁਮਾਰ ਸ਼ਰਮਾ, ਐਸ.ਪੀ ਐਚ ਸਤਨਾਮ ਸਿੰਘ, ਐਸ.ਪੀ ਕੁਲਦੀਪ ਸਿੰਘ ਸੋਹੀ, ਡੀ.ਐਸ.ਪੀ. ਹਰਜਿੰਦਰ ਸਿੰਘ, ਜੀਵਨ ਕੁਮਾਰ ਸਿੰਗਲਾ ਨਾਇਬ ਤਹਿਸੀਲਦਾਰ ਜੋਗਾ ਅਤੇ ਅਮਰਜੀਤ ਸਿੰਘ ਨਾਇਬ ਤਹਿ-ਸੀਲਦਾਰ ਮਾਨਸਾ ਦੀ ਅਗਵਾਈ ਹੇਠ ਤਾਇਨਾਤ ਸਨ।

# ਕੇਂਦਰੀ ਬਜਟ ਵਿਚੋਂ ਪੰਜਾਬ ਨੂੰ ਕੁੱਝ ਨਾ ਮਿਲਿਆ

ਚੰਡੀਗੜ੍ਹ – ਕੇਂਦਰੀ ਬਜਟ ਪੰਜਾਬ ਦੇ ਲੋਕਾਂ ਅਤੇ ਪੰਜਾਬ ਸਰਕਾਰ ਲਈ ਨਿਰਾਸ਼ ਕਰਨ ਵਾਲਾ ਹੈ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਕੋਲ ਜਿਹੜੇ ਮਾਮਲਿਆਂ, ਮੁੱਦਿਆਂ ਦੀ ਪੈਰਵੀ ਕੀਤੀ, ਬਜਟ ਵਿਚ ਉਨ੍ਹਾਂ ਦਾ ਬਿਲਕੁਲ ਧਿਆਨ ਨਹੀਂ ਰੱਖਿਆ ਗਿਆ। ਪੰਜਾਬ ਸਰਕਾਰ ਨੇ ਸੂਬੇ ਸਿਰ ਚੜ੍ਹੇ ਕਰਜ਼ੇ ਅਤੇ ਗੁਰੂ ਨਾਨਕ ਦੇਵ ਦਾ ਗੁਰਪੁਰਬ ਵੱਡੇ ਪੱਧਰ ਉਤੇ ਮਨਾਉਣ ਲਈ ਕੇਂਦਰ ਕੋਲੋਂ ਵਿੱਤੀ ਮਦਦ ਮੰਗੀ ਸੀ ਪਰ ਇਸ ਦਾ ਬਜਟ ਵਿਚ ਕਿਤੇ ਜ਼ਿਕਰ ਨਹੀਂ ਹੈ। ਕੁੱਲ ਮਿਲਾ ਕੇ ਕੇਂਦਰੀ ਬਜਟ ਪੰਜਾਬ ਦੇ ਲੋਕਾਂ ਦੇ ਹਿੱਤ ਵਿਚ ਨਹੀਂ ਹੈ ਤੇ ਇਸ ਨੂੰ ਨਿਰਾਸ਼ਾਜਨਕ ਬਜਟ ਹੀ ਕਿਹਾ ਜਾ ਸਕਦਾ ਹੈ।




ਪੰਜਾਬ ਸਰਕਾਰ ਨੇ ਪੰਦ੍ਰਵੇਂ ਵਿੱਤ ਕਮਿਸ਼ਨ ਤੋਂ ਕਰਜ਼ਾ ਰਾਹਤ ਪੈਕੇਜ ਮੰਗਿਆ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਪੰਜਾਬ 2.10 ਲੱਖ ਕਰੋੜ ਦੇ ਕਰਜ਼ੇ ਹੇਠ ਹੈ। 1 ਜੁਲਾਈ, 2022 ਤੋਂ ਜੀ.ਐਸ਼ਟੀ. ਤੋਂ ਪੈਣ ਵਾਲੇ ਘਾਟੇ ਦੀ ਪੂਰਤੀ ਵੀ ਕੇਂਦਰ ਸਰਕਾਰ ਬੰਦ ਕਰ ਦੇਵੇਗੀ ਅਤੇ ਇਸ ਨਾਲ ਸੂਬਾ ਸਰਕਾਰ ਨੂੰ 10 ਤੋਂ 12 ਹਜ਼ਾਰ ਕਰੋੜ ਰੁਪਏ ਸਾਲਾਨਾ ਘਾਟਾ ਪੈਣਾ ਸ਼ੁਰੂ ਹੋ ਜਾਵੇਗਾ। ਮੁੱਖ ਮੰਤਰੀ ਨੇ ਸੂਬੇ ਦੇ ਕਿਸਾਨਾਂ ਦੀ ਇੱਕਮੁਸ਼ਤ ਕਰਜ਼ਾ ਮੁਆਫੀ ਦੀ ਮੰਗ ਵੀ ਕੀਤੀ ਸੀ।

ਉਨ੍ਹਾਂ ਦੱਸਿਆ ਸੀ ਕਿ ਪੰਜਾਬ ਸਰਕਾਰ ਨੇ ਦਸ ਲੱਖ ਕਿਸਾਨਾਂ ਲਈ 8000 ਕਰੋੜ ਰੁਪਏ ਕਰਜ਼ੇ ਮੁਆਫੀ ਦੀ ਸਕੀਮ ਦਾ ਐਲਾਨ ਕੀਤਾ ਹੋਇਆ ਹੈ। ਮੁੱਖ ਮੰਤਰੀ ਨੇ ਘੱਟੋ ਘੱਟ ਸਮਰਥਨ ਮੁੱਲ ਤੋਂ ਨੀਵੇਂ ਰੇਟ ਉਤੇ ਵਿਕਣ ਕਾਰਨ ਮੱਕੀ ਲਈ 12350 ਕਰੋੜ ਅਤੇ ਗੰਨੇ ਲਈ 300 ਕਰੋੜ ਰੁਪਏ ਦੇਣ ਦੀ ਅਪੀਲ ਕੀਤੀ ਸੀ।


# ਡੇਰਾ ਸਿਰਸਾ ਹਿੰਸਾ ਮਾਮਲਾ: ਜਲਦੀ ਛੁੱਟ ਜਾਣਗੇ ਦੋਸ਼ੀ

**ਸਿਰਸਾ** – ਡੇਰਾ ਸਿਰਸਾ ਦੇ ਸ਼ਰਧਾਲੂਆਂ ਵਲੋਂ ਕੀਤੀ ਹਿੰਸਾ ਦੇ ਮਾਮਲੇ ਵਿਚ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਦੋਸ਼ ਸਿੱਧ ਕਰਨ ਲਈ ਲੈ ਕੇ ਹੋਈ ਬਹਿਸ ਤੋਂ ਬਾਅਦ ਅਦਾਲਤ ਨੇ ਹਿੰਸਾ ਵਿਚ ਸ਼ਾਮਿਲ ਸਾਰੇ ਹੀ ਮੁਲਜ਼ਮਾਂ ਉੱਤੇ ਲਾਈ ਦੇਸ਼-ਧ੍ਰੋਹ ਅਤੇ ਜਾਨ ਲੇਵਾ ਹਮਲਾ ਕਰਨ ਦੀ ਧਾਰਾ ਹਟਾ ਦਿੱਤੀ ਹੈ। ਅਦਾਲਤ ਵਲੋਂ ਦਿੱਤਾ ਗਿਆ ਇਹ ਫ਼ੈਸਲਾ ਮੁਲਜ਼ਮਾਂ ਲਈ ਬਹੁਤ ਵੱਡੀ ਰਾਹਤ ਅਤੇ ਸਿਰਸਾ ਪੁਲਿਸ ਦੀ ਅਸਫ਼ਲਤਾ ਨੂੰ ਦਰਸਾਉਂਦਾ ਹੈ। ਅਦਾਲਤ ਵਿਚ ਡੇਰਾ ਹਿੰਸਾ ਮਾਮਲੇ ਵਿਚ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਦੇਸ਼-ਧ੍ਰੋਹ ਦੀ ਧਾਰਾ 124-ਏ ਦੇ ਸਬੰਧ ਵਿਚ ਕਿਹਾ ਕਿ ਇਸ ਸਬੰਧ ਵਿਚ ਗ੍ਰਹਿ ਮੰਤਰਾਲਾ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੁੰਦੀ ਹੈ ਜੋ ਕਿ ਨਹੀਂ ਲਈ ਗਈ ਸੀ ਅਤੇ ਧਾਰਾ 307 ਦੇ ਸਬੰਧ ਵਿਚ ਅਦਾਲਤ ਪੁਲਿਸ ਦੀਆਂ ਦਲੀਲਾਂ ਨਾਲ ਸਹਿਮਤ ਨਾ ਹੋਈ।

ਅਦਾਲਤ ਦੀ ਰਾਏ ਦੇ ਮੱਦੇਨਜ਼ਰ ਇਹ ਮਾਮਲਾ ਧਾਰਾ 307 ਤਹਿਤ ਨਹੀਂ ਬਣਦਾ। ਅਦਾਲਤ ਦੀ ਨਜ਼ਰ ਵਿਚ ਸਾਰੇ ਮੁਲਜ਼ਮਾਂ ਖ਼ਿਲਾਫ਼ ਇਹ ਮਾਮਲਾ ਧਾਰਾ 188, 147, 148, 149, 435, 332, 353, 186, 120-ਬੀ, 109 ਆਈ.ਪੀ.ਸੀ. ਤਹਿਤ ਅਤੇ 25/54/59 ਅਸਲ੍ਹਾ ਐਕਟ ਬਣਦਾ ਹੈ। ਦੇਸ਼-ਧ੍ਰੋਹ ਅਤੇ ਧਾਰਾ 307 ਹਟਾਏ ਜਾਣ ਦੇ ਬਾਅਦ ਹੁਣ ਮੁਲਜ਼ਮਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਪੰਜ ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ।

ਡੇਰਾ ਹਿੰਸਾ ਮਾਮਲੇ ਵਿਚ 8 ਮੁਲਜ਼ਮ ਅਜਿਹੇ ਹਨ ਜੋ ਪਿਛਲੇ ਢਾਈ ਸਾਲਾਂ ਤੋਂ ਲਾਪਤਾ ਹਨ। ਇਨ੍ਹਾਂ ਮੁਲਜ਼ਮਾਂ ਵਿਚੋਂ ਮੁੱਖ ਮੁਲਜ਼ਮ ਅਦਿੱਤਿਆ ਇੰਸਾਂ ਖ਼ਿਲਾਫ਼ ਹਰਿਆਣਾ ਪੁਲਿਸ ਨੇ ਪੰਜ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ।

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਸਿੱਖ ਧਰਮ ਨੂੰ 'ਕਲਟ' ਕਹਿਣ ਦਾ ਮਾਮਲਾ ਸੁਪਰੀਮ ਕੋਰਟ ਪੁੱਜਾ

ਨਵੀਂ ਦਿੱਲੀ - ਅਯੁੱਧਿਆ ਕੇਸ ਦੇ ਫੈਸਲੇ ਵਿਚ ਸਿੱਖ ਧਰਮ ਬਾਰੇ ਵਰਤੇ ਗਏ ਸ਼ਬਦ 'ਕਲਟ' ਨੂੰ ਹਟਾਉਣ ਦਾ ਮਾਮਲਾ ਸੁਪਰੀਮ ਕੋਰਟ ਪੁੱਜ ਗਿਆ ਹੈ। ਇਸ ਸਬੰਧੀ ਸਿੱਖ ਨੇਸ਼ਨ ਆਰਗੇਨਾਈਜੇਸ਼ਨ ਵਲੋਂ ਦਾਇਰ ਕੀਤੀ ਪਟੀਸ਼ਨ ਵਿਚ ਇਸ ਇਤਰਾਜ਼ਯੋਗ ਸ਼ਬਦ ਅਤੇ ਗੁਰੂ ਨਾਨਕ ਦੇਵ ਦੀ ਅਯੁੱਧਿਆ ਫੇਰੀ ਦੌਰਾਨ ਮੂਰਤੀ ਪੂਜਾ ਕਰਨ ਸਬੰਧੀ ਦਿੱਤੇ ਹਵਾਲਿਆਂ ਨੂੰ ਹਟਾਉਣ ਦੀ ਅਪੀਲ ਕੀਤੀ ਗਈ ਹੈ।

ਸਿੱਖ ਨੇਸ਼ਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਡਾ. ਮਨਜੀਤ ਸਿੰਘ ਰੰਧਾਵਾ ਵਲੋਂ ਦਾਇਰ ਕੀਤੀ ਇਹ ਪਟੀਸ਼ਨ ਵਕੀਲ ਇਸ਼ਮਾ ਰੰਧਾਵਾ, ਧਨੰਜਯ ਗਰੋਵਰ ਅਤੇ ਅਨਿ-ਰਬਾਨ ਭੱਟਾਚਾਰੀਆ ਨੇ ਤਿਆਰ ਕੀਤੀ ਹੈ। ਹਾਲ ਹੀ ਵਿਚ ਦਾਇਰ ਕੀਤੀ ਇਸ ਪਟੀਸ਼ਨ ਉਤੇ ਸੁਪਰੀਮ ਕੋਰਟ ਵਲੋਂ ਸੁਣਵਾਈ ਕਰਨ ਦੀ ਸਹਿਮਤੀ ਦੇ ਦਿੱਤੀ ਗਈ ਹੈ। ਇਸ ਪਟੀਸ਼ਨ ਉਤੇ ਸੁਣਵਾਈ ਅਗਲੇ ਹਫਤੇ ਸ਼ੁਰੂ ਹੋਣ ਅਤੇ ਇਸ ਦੀ ਪੈਰਵੀ ਸੀਨੀਅਰ ਐਡਵੋਕੇਟ ਕਪਿਲ ਸਿੱਬਲ ਵਲੋਂ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਸਬੰਧੀ ਵਿਚ ਡਾ. ਰੰਧਾਵਾ ਨੇ ਦੱਸਿਆ ਕਿ ਸੁਪਰੀਮ ਕੋਰਟ ਵਲੋਂ ਅਯੁੱਧਿਆ ਕੇਸ ਬਾਰੇ ਦਿੱਤੇ ਫੈਸਲੇ ਵਿਚ ਸਿੱਖ ਧਰਮ ਬਾਰੇ ਵਿਸ਼ੇਸ਼ ਤੌਰ ਉਤੇ ਇਕ ਸ਼ਬਦ 'ਕਲਟ' ਵਰਤਿਆ ਗਿਆ ਹੈ।

ਉਨ੍ਹਾਂ ਵੱਖ-ਵੱਖ ਸ਼ਬਦਕੋਸ਼ਾਂ ਦਾ ਹਵਾਲਾ ਦਿ-ੰਦਿਆਂ ਆਖਿਆ ਕਿ ਇਹ ਸ਼ਬਦ ਨਾਂਹ-ਪੱਖੀ ਭਾਵਨਾ ਵਾਲਾ ਹੈ। ਅਦਾਲਤ ਵਲੋਂ ਸਿੱਖ ਧਰਮ ਨੂੰ ਇਸ ਸ਼ਬਦ ਰਾਹੀਂ ਇਕ ਗੁੱਟ ਕਰਾਰ ਦਿੱਤਾ ਗਿਆ ਹੈ ਜਦੋਂਕਿ ਸੰਯੁਕਤ ਰਾਸ਼ਟਰ ਵਲੋਂ ਸਿੱਖ ਧਰਮ ਨੂੰ ਵਿਸ਼ਵ ਦੇ ਛੇਵੇਂ ਮੁਕੰਮਲ ਧਰਮ ਵਜੋਂ ਮਾਨਤਾ ਮਿਲ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੇ ਇਹ ਸ਼ਬਦ ਨਾ ਹਟ-ਾਇਆ ਗਿਆ ਤਾਂ ਇਹ ਭਵਿੱਖ ਵਿਚ ਕਈ ਹੋਰ ਥਾਂਵਾਂ ਉਤੇ ਵੀ ਸਿੱਖ ਧਰਮ ਲਈ ਵਰਤਿਆ ਜਾ ਸਕਦਾ ਹੈ। ਇਸ ਲਈ ਇਸ ਗਲਤੀ ਨੂੰ ਹੁਣੇ ਸੁਧਾਰਨਾ ਚਾਹੀਦਾ ਹੈ।

**ਬਾਬੇ ਨਾਨਕ ਨਾਲ ਮੂਰਤੀ ਪੂਜਾ ਜੋੜਨ ਉਤੇ ਇਤਰਾਜ਼**

ਪ ਟੀਸ਼ਨ ਵਿਚ ਦਰਜ ਕੀਤੇ ਦੂਜੇ ਮੁੱਦੇ ਬਾਰੇ ਉਨ੍ਹਾਂ ਕਿਹਾ ਕਿ ਅਯੁੱਧਿਆ ਮਾਮਲੇ ਵਿਚ ਆਰ.ਐਸ਼ਐਸ਼ ਨਾਲ ਸਬੰਧਤ ਰਾਜਿੰਦਰ ਸਿੰਘ ਨਾਂ ਦੇ ਵਿਅਕਤੀ ਨੇ ਗਵਾਹੀ ਦਿੱਤੀ ਹੈ ਜਿਸ ਵਿਚ ਉਸ ਨੇ ਦਾਅਵਾ ਕੀਤਾ ਕਿ ਗੁਰੂ ਨਾਨਕ ਦੇਵ ਵਲੋਂ ਇਕ ਸ਼ਰਧਾਲੂ ਵਜੋਂ ਰਾਮ ਜਨਮ ਭੂਮੀ ਅਯੁੱਧਿਆ ਦੇ ਦਰਸ਼ਨ ਕੀਤੇ ਗਏ ਸਨ ਅਤੇ ਉਥੇ ਉਨ੍ਹਾਂ ਨੇ ਮੰਦਰ ਵਿਚ ਭਗਵਾਨ ਰਾਮ ਦੀ ਮੂਰਤੀ ਦੀ ਪੂਜਾ ਵੀ ਕੀਤੀ ਸੀ। ਪਟੀਸ਼ਨਕਰਤਾ ਨੇ ਦਾਅਵਾ ਕੀਤਾ ਕਿ ਰਾਜਿੰਦਰ ਸਿੰਘ ਵਲੋਂ ਆਪਣੀ ਗਵਾਹੀ ਵਿਚ ਗੁਰੂ ਨਾਨਕ ਦੇਵ ਬਾਰੇ ਅਦਾਲਤ ਨੂੰ ਗਲਤ ਹਵਾਲੇ ਦਿੱਤੇ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਗਵਾਹ ਕੋਈ ਮਾਨਤਾ ਪ੍ਰਾਪਤ ਇਤਿਹਾਸਕਾਰ ਨਹੀਂ ਹੈ ਅਤੇ ਉਸ ਨੇ ਆਪਣੇ ਦਾਅਵੇ ਬਾਰੇ ਕੋਈ ਪੁਖਤਾ ਸਬੂਤ ਵੀ ਨਹੀਂ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਇਸ ਚੁਣੌਤੀ ਪਟੀਸ਼ਨ ਵਿਚ ਮਾਨਤਾ ਪ੍ਰਾਪਤ ਸਿੱਖ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੇ ਵਿਚਾਰ ਵੀ ਨੱਥੀ ਕੀਤੇ ਗਏ ਹਨ।

ਗੁਰੂ ਨਾਨਕ ਦੇਵ ਖੁਦ ਕਰਮਕਾਂਡਾਂ ਤੇ ਮੂਰਤੀ ਪੂਜਾ ਦਾ ਵਿਰੋਧ ਕਰਦੇ ਸਨ, ਇਸ ਲਈ ਉਹ ਖੁਦ ਕਿਵੇਂ ਮੂਰਤੀ ਪੂਜਾ ਕਰ ਸਕਦੇ ਸਨ। ਉਨ੍ਹਾਂ ਕਿਹਾ ਕਿ ਅਦਾਲਤ ਵਲੋਂ ਦਰਜ ਕੀਤੀ ਇਹ ਗਵਾਹੀ ਕਾਨੂੰਨੀ ਦਸਤਾਵੇਜ਼ ਬਣ ਜਾਵੇਗੀ ਜਿਸ ਨਾਲ ਭਵਿੱਖ ਵਿਚ ਹੋਰ ਵੀ ਦੁਬਿਧਾਵਾਂ ਪੈਦਾ ਹੋਣਗੀਆਂ। ਇਸ ਲਈ ਇਸ ਨੂੰ ਹਟਾਇਆ ਜਾਣਾ ਚਾਹੀਦਾ ਹੈ।

# ਦਰਬਾਰ ਸਾਹਿਬ ਵਿਖੇ ਟਿਕਟੌਕ ਬਣਾਉਣ 'ਤੇ ਪਾਬੰਦੀ

ਅੰਮ੍ਰਿਤਸਰ - ਸ੍ਰੀ ਹਰਿਮੰਦਰ ਸਾਹਿਬ ਵਿੱਚ ਟਿਕਟੌਕ ਵੀਡੀਓ ਬਣਾਉਣ 'ਤੇ ਮੁਕੰਮਲ ਪਾਬੰਦੀ ਲਾ ਦਿੱਤੀ ਗਈ ਹੈ। ਭੱਦੀ ਕਿਸਮ ਦੀਆਂ ਵੀਡੀਓਜ਼ ਬਣਾਉਣ ਤੋਂ ਰੋਕਣ ਲਈ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਵੱਖ-ਵੱਖ ਥਾਂਈਂ ਪੋਸਟਰ ਲਾਉਣ ਤੋਂ ਇਲਾਵਾ ਪਰਿਕਰਮਾ 'ਚ ਡਿਊਟੀ ਦੇਣ ਵਾਲੇ ਸੇਵਾਦਾਰਾਂ ਨੂੰ ਚੌਕਸ ਕਰ ਦਿੱਤਾ ਗਿਆ ਹੈ ਕਿ ਇਸ ਤਰ੍ਹਾਂ ਦੀ ਕੋਈ ਘਟਨਾ ਦੋਬਾਰਾ ਨਹੀਂ ਹੋਣੀ ਚਾਹੀਦੀ।

ਵਰਨਣ ਯੋਗ ਹੈ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਆਉਂਦੇ ਸ਼ਰਧਾਲੂਆਂ ਵੱਲੋਂ ਵੀਡੀਓ ਬਣਾ ਕੇ ਉਸ ਨੂੰ ਟਿਕਟੌਕ ਨਾਲ ਵਾਇਰਲ ਕਰਨ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਪਿੱਛੇ ਜਿਹੇ ਕੁਝ ਕੁੜੀਆਂ ਨੇ ਡਾਂਸ ਕਰਦਿਆਂ ਇਤਰਾਜ਼ ਯੋਗ ਗੀਤ ਗਾਇਆ ਸੀ। ਇਹ ਵੀਡੀਓ ਵਾਇਰਲ ਹੋਣ ਮਗਰੋਂ ਸੰਗਤ ਨੇ ਇਤਰਾਜ਼ ਕੀਤਾ ਹੈ। ਇਸ ਤੋਂ ਪਹਿਲਾਂ ਇੱਕ ਕੁੜੀ ਨੇ ਇਸੇ ਤਰ੍ਹਾਂ ਗੀਤ ਵਾਲੀ ਵੀਡੀਓ ਟਿਕਟੌਕ ਰਾਹੀਂ ਵਾਇਰਲ ਕੀਤੀ ਸੀ। ਦੋਵੇਂ ਵਾਰੀ ਪ੍ਰਬੰਧਕਾਂ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਅਤੇ ਪੁਲਸ ਨੇ ਸ਼ਿਕਾਇਤ ਉੱਤੇ ਇੱਕ ਅਣਪਛਾਤੀ ਲੜਕੀ ਖਿਲਾਫ ਕੇਸ ਦਰਜ ਕੀਤਾ ਹੈ।

ਇਸ ਦਾ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਵੀ ਨੋਟਿਸ ਲਿਆ ਅਤੇ ਆਖਿਆ ਕਿ ਜੇ ਇਹ ਰੁਝਾਨ ਨਾ ਰੁਕਿਆ ਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੋਬਾਈਲ ਲਿਜਾਣ 'ਤੇ ਰੋਕ ਲਾਉਣੀ ਪਵੇਗੀ। ਕੱਲ੍ਹ ਇਸ ਕੁਰੀਤੀ ਨੂੰ ਰੋਕਣ ਲਈ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਵੱਖ-ਵੱਖ ਥਾਂਈਂ ਵੱਡੀ ਗਿਣਤੀ ਵਿੱਚ ਪੋਸਟਰ ਲਾ ਦਿੱਤੇ ਗਏ ਹਨ, ਜਿਨ੍ਹਾਂ ਉੱਤੇ ਟਿਕਟੌਕ ਵੀਡੀਓ ਬਣਾਉਣ ਤੋਂ ਮਨਾ ਕੀਤਾ ਗਿਆ ਹੈ। ਇਹ ਪੋਸਟਰ ਜੋੜਾ ਘਰਾਂ ਦੇ ਨੇੜੇ, ਪਰਿਕਰਮਾ ਵਿੱਚ ਕੁਝ ਥਾਂਈਂ, ਕੜਾਹ ਪ੍ਰਸ਼ਾਦਿ ਵਾਲੇ ਕਾਊਂਟਰਾਂ, ਗੱਠੜੀ ਘਰ, ਲੰਗਰ ਘਰ, ਇਸ਼ਨਾਨ ਘਰ ਤੇ ਹੋਰ ਪ੍ਰਮੁੱਖ ਥਾਵਾਂ 'ਤੇ ਲਾਏ ਗਏ ਹਨ।

# ਸ਼ਾਹਰੁਖ ਦੀ 70 ਕਰੋੜ ਦੀ ਜਾਇਦਾਦ ਕੁਰਕ



ਨਵੀਂ ਦਿੱਲੀ - ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਰੋਜ਼ ਵੈਲੀ ਠੱਗੀ ਕੇਸ ਨਾਲ ਜੁੜੀ ਇੱਕ ਮਨੀ ਲਾਂਡਰਿੰਗ ਜਾਂਚ ਵਿੱਚ ਤਿੰਨ ਕੰਪ-ਨੀਆਂ ਦੀ ਸੱਤਰ ਕਰੋੜ ਤੋਂ ਵੱਧ ਦੀ ਜਾਇਦਾਦ ਕੁਰਕ ਕੀਤੀ ਹੈ। ਇਨ੍ਹਾਂ ਵਿੱਚੋਂ ਇੱਕ ਫਿਲਮ ਅਭਿਨੇਤਾ ਸ਼ਾਹਰੁਖ ਖਾਨ ਵੱਲੋਂ ਪ੍ਰਮੋਟ ਕੀਤੀ ਦੱਸੀ ਜਾਂਦੀ ਆਈ ਪੀ ਐੱਲ ਕ੍ਰਿਕਟ ਨਾਲ ਜੁੜੀ ਕੰਪਨੀ ਵੀ ਸ਼ਾਮਲ ਹੈ, ਜਿਸ ਤੋਂ ਕਈ ਲੋਕਾਂ ਨੂੰ ਹੈਰਾਨੀ ਹੋਈ ਹੈ।

ਈ ਡੀ ਦੇ ਵਿਚਲੇ ਸੂਤਰਾਂ ਨੇ ਇਸ ਬਾਰੇ ਦੱਸਿਆ ਕਿ ਤਿੰਨ ਕੰਪਨੀਆਂ ਵਿੱਚ ਮਲਟੀਪਲ ਰਿਜ਼ਾਰਟਸ ਪ੍ਰਾਈਵੇਟ ਲਿਮਟਿਡ, ਸੇਂਟ ਜੇਵੀਅਰਜ਼ ਕਾਲਜ ਕੋਲਕਾਤਾ ਅਤੇ ਨਾਈਟ ਰਾਈਡਰਸ ਸਪੋਰਟਸ ਪ੍ਰਾਈਵੇਟ ਲਿਮਟਿਡ ਸ਼ਾਮਲ ਹਨ। ਸੂਤਰਾਂ ਮੁਤਾਬਕ ਰੋਜ਼ ਵੈਲੀ ਗਰੁੱਪ ਤੋਂ ਫੰਡ ਲੈਣ ਵਾਲੀਆਂ ਵੱਖ-ਵੱਖ ਯੂਨਿਟਾਂ ਅਤੇ ਵਿਅਕਤੀਆਂ ਨਾਲ ਸੰਬੰਧਤ ਯੂਨਿਟਾਂ ਦੀ ਸੱਤਰ ਕਰੋੜ 11 ਲੱਖ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐੱਮ ਐੱਲ ਏ) ਦੀਆਂ ਵੱਖ-ਵੱਖ ਧਾਰਾਵਾਂ ਹੇਠ ਕੁਰਕ ਕੀਤਾ ਗਿਆ ਹੈ। ਤਿੰਨਾਂ ਕੰਪਨੀਆਂ ਦੇ ਬੈਂਕ ਖਾਤੇ ਵੀ ਕੁਰਕ ਕਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚ 16 ਕਰੋੜ 20 ਲੱਖ ਰੁਪਏ ਜਮ੍ਹਾ ਹਨ। ਈ ਡੀ ਨੇ ਕਿਹਾ ਕਿ ਇਸ ਦੇ ਨਾਲ ਹੀ ਪੱਛਮੀ ਬੰਗਾਲ ਦੇ ਪੂਰਬੀ ਮਿਦਨਾਪੁਰ ਜ਼ਿਲੇ ਵਿੱਚ ਰਾਮਨਗਰ ਅਤੇ ਮਹੀਸ਼ਦਲ ਸਥਿਤ 24 ਏਕੜ ਜ਼ਮੀਨ, ਮੁੰਬਈ ਦੇ ਦਿਲਕਾਪ ਚੈਂਬਰਜ਼ ਸਥਿਤ ਇੱਕ ਫਲੈਟ, ਕੋਲਕਾਤਾ ਦੇ ਨਿਊ ਟਾਊਨ ਦੇ ਜੋਤੀ ਬਾਸੂ ਨਗਰ ਵਿੱਚ ਇੱਕ ਏਕੜ ਜ਼ਮੀਨ ਅਤੇ ਰੋਜ਼ ਵੈਲੀ ਗਰੁੱਪ ਦਾ ਇੱਕ ਹੋਟਲ ਵੀ ਕੁਰਕ ਕੀਤਾ ਗਿਆ ਹੈ। ਇੰਡੀਅਨ ਪ੍ਰੀਮੀਅਮ ਲੀਗ (ਆਈ ਪੀ ਐੱਲ) ਦੀ ਕੋਲਕਾਤਾ ਨਾਈਟ ਰਾਈਡਰਜ਼ ਦੀ ਮਲਕੀਅਤ ਦਿ ਨਾਈਟ ਰਾਈਡਰਜ਼ ਸਪੋਰਟਸ ਪ੍ਰਾਈਵੇਟ ਲਿਮਟਿਡ ਕੋਲ ਹੈ। ਇਸ ਦੇ ਮਾਲਕਾਂ ਵਿੱਚ ਫਿਲਮ ਅਭਿਨੇਤਾ ਸ਼ਾਹਰੁਕ ਖਾਨ ਦੀ ਪਤਨੀ ਗੌਰੀ ਖਾਨ ਦੇ ਨਾਲ ਅਭਿਨੇਤਰੀ ਜੂਹੀ ਚਾਵਲਾ ਦੇ ਪਤੀ

# 2000 ਦੇ ਨੋਟ ਵੀ ਬੰਦ ਹੋਣਗੇ?

ਨਵੀਂ ਦਿੱਲੀ - ਕੀ ਨਰਿੰਦਰ ਮੋਦੀ ਸਰਕਾਰ ਹੌਲੀ ਹੌਲੀ 200 ਰੁਪਏ ਦੇ ਨੋਟ ਨੂੰ ਮਾਰਕੀਟ ਤੋਂ ਬਾਹਰ ਕਰਨਾ ਚਾਹੁੰਦੀ ਹੈ? ਇੱਕ ਰਿਪੋਰਟ ਮੁਤਾਬਕ ਇੱਕ ਸਰਕਾਰੀ ਬੈਂਕ ਨੇ ਆਪਣੇ ਸਟਾਫ ਨੂੰ ਲਿਖਤੀ ਹੁਕਮ ਜਾਰੀ ਕਰ ਕੇ ਕਿਹਾ ਹੈ ਕਿ ਉਹ 2000 ਰੁਪਏ ਦੇ ਨੋਟ ਗਾਹਕਾਂ ਨੂੰ ਨਾ ਦੇਣ। ਇਸ ਤੋਂ ਇਲਾਵਾ ਏ ਟੀ ਐੱਮ ਵਿੱਚ ਵੀ ਇਨ੍ਹਾਂ ਨੂੰ ਨਾ ਪਾਇਆ ਜਾਵੇ। ਬੈਂਕ ਅਧਿਕਾਰੀਆਂ ਨੂੰ ਏ ਟੀ ਐੱਮ ਵਿੱਚ 500 ਤੋਂ ਇਲਾਵਾ 200 ਅਤੇ 100 ਰੁਪਏ ਦੇ ਨੋਟ ਪਾਏ ਜਾਣ ਦਾ ਨਿਰਦੇਸ਼ ਜਾਰੀ ਕੀਤਾ ਗਿਆ ਹੈ। ਇੱਕ ਅੰਗਰੇਜ਼ੀ ਵੈੱਬਸਾਈਟ ਦੀ ਰਿਪੋਰਟ ਵਿੱਚ ਬੈਂਕ ਦੇ ਇੱਕ ਅਧਿਕਾਰੀ ਦੇ ਹਵਾਲੇ ਨਾਲ ਇਹ ਗੱਲ ਕਹੀ ਗਈ ਹੈ। ਰਿਪੋਰਟ ਮੁਤਾਬਕ ਈ-ਮੇਲ ਰਾਹੀਂ ਬੈਂਕ ਕਰਮਚਾਰੀਆਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਨਿਕਾਸੀ ਲਈ ਆਉਣ ਵਾਲੇ ਗਾਹਕਾਂ ਨੂੰ 2000 ਰੁਪਏ ਦੀ ਬਜਾਏ ਦੂਜੇ ਨੋਟ ਦੇਣ। ਇਸ ਤੋਂ ਇਲਾਵਾ ਏ ਟੀ ਐੱਮ ਵਿੱਚ ਵੀ ਇਨ੍ਹਾਂ ਨੂੰ ਨਾ ਭਰਿਆ ਜਾਵੇ। ਗਾਹਕਾਂ ਲਈ ਇਸ ਵਿੱਚ ਚਿੰਤਾ ਦੀ ਕੋਈ ਗੱਲ ਨਹੀਂ ਹੈ।


'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532

# ਭਾਰਤੀ ਅੰਬੈਸਡਰ ਤਰਨਜੀਤ ਸਿੰਘ ਸੰਧੂ ਵਲੋਂ ਅੰਬੈਸਡਰ ਹਾਊਸ ਤੇ 'ਸਵਾਗਤੀ ਜੀ ਆਇਆਂ ਮਿਲਣੀ' ਦਾ ਆਯੋਜਨ









**ਵਾਸ਼ਿੰਗਟਨ ਡੀ. ਸੀ. (ਰਾਜ ਗੋਗਨਾ)-** ਭਾਰਤੀ ਅੰਬੈਸਡਰ ਸ. ਤਰਨਜੀਤ ਸਿੰਘ ਸੰਧੂ ਜੋ ਆਪਣੀ ਧਰਮ ਪਤਨੀ ਰੀਨਤ ਸੰਧੂ ਨਾਲ ਅੱਜ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਮਿਲੇ। ਜਿੱਥੇ ਅੰਬੈਸਡਰ ਸੰਧੂ ਨੇ ਸੰਯੁਕਤ ਰਾਜ ਵਿੱਚ ਭਾਰਤ ਦੇ ਰਾਜਦੂਤ ਸ੍ਰੀ ਤਰਨਜੀਤ ਸਿੰਘ ਸੰਧੂ ਨੇ ਅੱਜ ਆਪਣੀ ਪ੍ਰਮਾਣ ਪੱਤਰ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵ੍ਹਾਈਟ ਹਾਊਸ ਦੇ ਓਵਲ ਦਫਤਰ ਵਿਖੇ ਸੋਂਪਿਆ।ਰਾਸ਼ਟਰਪਤੀ ਟਰੰਪ ਨੇ ਰਾਜਦੂਤ ਸੰਧੂ ਦਾ ਵਾਸ਼ਿੰਗਟਨ ਡੀ.ਸੀ. ਵਿਖੇ ਵਾਪਸ ਆਉਣ ਦਾ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸੰਯੁਕਤ ਰਾਜ ਵਿੱਚ ਭਾਰਤ ਦੇ ਰਾਜਦੂਤ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਵਿੱਚ ਹਰ ਸਫਲਤਾ ਦੀ ਕਾਮਨਾ ਵੀ ਕੀਤੀ। ਰਾਸ਼ਟਰਪਤੀ ਨੇ ਅਦਬ ਅਤੇ ਪਿਆਰ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਦੋਸਤੀ ਅਤੇ ਉਨ੍ਹਾਂ ਦੀਆਂ ਕਈ ਗੱਲਬਾਤ ਨੂੰ ਯਾਦ ਵੀ ਕੀਤਾ। ਰਾਜਦੂਤ ਸੰਧੂ ਨੇ ਰਾਸ਼ਟਰਪਤੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰਪਤੀ ਟਰੰਪ ਅਤੇ ਉਹਨਾਂ ਦੀ ਪਹਿਲੀ ਫੇਰੀ ਲਈ ਨਿੱਘੀ ਵਧਾਈ ਦਿੱਤੀ। ਰਾਜਦੂਤ ਸੰਧੂ ਨੇ ਇਹ ਵੀ ਸ਼ਾਮਲ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਦੁਆਰਾ ਪਿਛਲੇ ਤਿੰਨ ਸਾਲਾਂ ਵਿੱਚ ਪ੍ਰਦਾਨ ਕੀਤੀ ਗਈ ਦ੍ਰਿਸ਼ਟੀ ਅਤੇ ਮਾਰਗ ਦਰਸ਼ਨ ਨੇ ਭਾਰਤ ਅਤੇ ਸੰਯੁਕਤ ਰਾਜ ਨੂੰ ਵਧੇਰੇ ਰਣਨੀਤਕ ਵੱਲ ਵਧਾਇਆ ਹੈ। ਰਾਜਦੂਤ ਸੰਧੂ ਨੇ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦਰਮਿਆਨ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੀ ਵੀ ਪੁਸ਼ਟੀ ਕੀਤੀ, ਜੋ ਆਪਸੀ ਵਿਸ਼ਵਾਸ ਅਤੇ ਦੋਸਤੀ, ਜਮਹੂਰੀ ਕਦਰਾਂ ਕੀਮਤਾਂ ਅਤੇ ਲੋਕਾਂ ਦੇ ਸਬੰਧਾਂ ਵਿਚ ਲੁਕਿਆ ਹੋਇਆ ਹੈ। ਉਪਰੰਤ ਉਹ ਸਿੱਧੇ ਆਪਣੀ ਰਿਹਾਇਸ਼ ਅੰਬੈਸਡਰ ਹਾਊਸ ਵਿਖੇਂ ਪਹੁੰਚੇ। ਜਿੱਥੇ ਉਨ੍ਹਾਂ ਨੇ ਮੈਟਰੋਪੁਲਿਟਨ ਵਾਸ਼ਿੰਗਟਨ ਡੀ. ਸੀ. ਦੀਆਂ ਕੁਝ ਉੱਘੀਆਂ ਸਖਸ਼ੀਅਤਾਂ ਨਾਲ 'ਸਵਾਗਤੀ ਜੀ ਆਇਆਂ ਮਿਲਣੀ' ਕੀਤੀ।ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਰੀਨਤ ਸੰਧੂ ਵੀ ਹਾਜ਼ਰ ਸਨ, ਜੋ ਅੱਜ ਕੱਲ੍ਹ ਇਟਲੀ ਦੀ ਰਾਜਦੂਤ ਹਨ।

ਮਿਸ਼ਜ ਅਤੇ ਮਿਸਟਰ ਤਰਨਜੀਤ ਸਿੰਘ ਸੰਧੂ ਨੇ ਹਰੇਕ ਮਹਿਮਾਨ ਨੂੰ ਬਹੁਤ ਹੀ ਨਿੱਘੀ ਜੀ ਆਇਆਂ ਨਾਲ ਗ੍ਰਹਿ



ਪ੍ਰਵੇਸ਼ ਕਰਵਾਇਆ ਅਤੇ ਹਰੇਕ ਨਾਲ ਯਾਦਗਾਰੀ ਤਸਵੀਰ ਦਾ ਆਗਾਜ਼ ਕੀਤਾ। ਜੋ ਕਾਬਲੇ ਤਾਰੀਫ ਸੀ। ਇੰਜ ਮਹਿਸੂਸ ਹੋ ਰਿਹਾ ਸੀ ਕਿ ਤਰਨਜੀਤ ਸਿੰਘ ਸੰਧੂ ਕਿਸੇ ਲਈ ਨਵੇਂ ਅੰਬੈਸਡਰ ਨਹੀਂ ਹਨ, ਸਗੋਂ ਹਰੇਕ ਨੂੰ ਨਿੱਜੀ ਤੌਰ ਤੇ ਜਾਣਦੇ ਅਤੇ ਸ਼ਰਧਾ ਦੇ ਪ੍ਰਤੀਕ ਬਣ ਮਿਲ ਰਹੇ ਸਨ।ਪ੍ਰੋਗਰਾਮ ਦੀ ਸ਼ੁਰੂਆਤ ਸੈਕ-ਟਰੀ ਹਕੀਕੀ ਨੇ ਬਹੁਤ ਹੀ ਪਿਆਰੇ ਸ਼ਬਦਾਂ ਨਾਲ ਕੀਤੀ। ਉਪਰੰਤ ਅਮਿਤ ਕੁਮਾਰ ਡਿਪਟੀ ਚੀਫ ਆਫ ਮਿਸ਼ਨ ਨੇ ਤਰਨਜੀਤ ਸਿੰਘ ਸੰਧੂ ਦੀਆਂ ਕਾਰਗੁਜ਼ਾਰੀਆਂ, ਸੇਵਾਵਾਂ ਤੇ ਉਨ੍ਹਾਂ ਦੇ ਪਰਿਵਾਰ ਸਬੰਧੀ ਭਰਪੂਰ ਜ਼ਿਕਰ ਕੀਤਾ।ਅਤੇ ਆਏ ਮਹਿਮਾਨਾਂ ਨੇ ਤਾੜੀਆਂ ਨਾਲ ਭਰਵਾਂ ਸਵਾਗਤ ਕੀਤਾ ।ਅੰ-ਬੈਸਡਰ ਤਰਨਜੀਤ ਸਿੰਘ ਸੰਧੂ ਨੂੰ ਆਏ ਮਹਿਮਾਨਾਂ ਨਾਲ ਸ਼ਬਦਾਂ ਦੀ ਸਾਂਝ ਪਾਉਣ ਦਾ ਸੱਦਾ ਦਿੱਤਾ ਗਿਆ। ਆਪਣੇ ਸੰ-ਬੋਧਨ ਚ' ਸ: ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਮੇਰੇ ਲਈ ਆਏ ਮਹਿਮਾਨ ਨਵੇਂ ਨਹੀਂ ਹਨ। ਇਹਨਾਂ ਦੇ ਸਹਿਯੋਗ ਅਤੇ ਪਿਆਰ ਸਦਕਾ ਮੈਂ ਅੱਜ ਮੈ ਆਪਣੀ ਨਵੀਂ ਨਿਯੁੱਕਤੀ ਗ੍ਰਹਿਣ ਕੀਤੀ ਹੈ। ਮੈਂ ਜਦੋਂ ਡਿਪਟੀ ਚੀਫ ਆਫ਼ ਮਿਸ਼ਨ ਤਿੰਨ -ਚਾਰ ਸਾਲ ਪਹਿਲਾਂ ਅਮਰੀਕਾ ਆਇਆ ਸੀ। ਉਸ ਵੇਲੇ ਵੀ ਹਾਲਾਤ ਮੁਸ਼ਕਲਾਂ ਭਰੇ ਸਨ। ਜੋ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸਦਕਾ ਉਸ ਵੇਲੇ ਬਿਹਤਰੀ ਵੱਲ ਕਦਮ ਪੁੱਟੇ ਗਏ ਸਨ। ਅੱਜ ਵੀ ਹਾਲਾਤ ਉਸੇ ਤਰ੍ਹਾਂ ਦੇ ਹਨ, ਪਰ ਤੁਹਾਡੇ ਸਹਿਯੋਗ ਸਦਕਾ ਅਸੀ ਮੁੜ ਬਿਹਤਰੀ ਅਤੇ ਵਿਕਾਸ ਵੱਲ ਮਜ਼ਬੂਤੀ ਵੱਲ ਵਧਾਂਗੇ। ਉਨ੍ਹਾਂ ਕਿਹਾ ਅਮਰੀਕਾ-ਭਾਰਤ ਦਾ ਅਨਿੱਖੜਵਾਂ ਅਤੇ ਮਜ਼ਬੂਤ ਹਿੱਸੇਦਾਰ ਹੈ, ਜੋ ਹਮੇਸ਼ਾ ਭਾਰਤ ਵਿੱਚ ਵਿਕਾਸ ਨੂੰ ਨਿਰੰਤਰ ਵਿਕਸਤ ਕਰ ਰਿਹਾ ਹੈ।

ਅਸੀ ਦੋਵੇਂ ਸੁਪਰ ਮੁਲਕਾਂ ਵਿੱਚੋਂ ਹਾਂ। ਹਰ ਕੋਈ ਸਾਡੇ ਨਾਲ ਮਿਲਕੇ ਚੱਲਣ ਨੂੰ ਤਰਜੀਹ ਦੇ ਰਿਹਾ ਹੈ। ਸਾਨੂੰ ਆਸ ਹੈ ਕਿ ਰਾਸ਼ਟਰਪਤੀ ਟਰੰਪ ਦੀ ਭਾਰਤ ਫੇਰੀ ਵੀ ਅਜਿਹਾ ਰੰਗ ਲਿਆਵੇਗੀ ਜਿਸ ਨੂੰ ਦੁਨੀਆਂ ਦੇਖੇਗੀ। ਕਿਉਂਕਿ ਭਾਰਤ-ਅਮਰੀਕਾ ਦੋਵੇਂ ਦ੍ਰਿੜ ਅਤੇ ਪੱਕੇ ਇਰਾਦੇ ਨਾਲ ਵਿਚਰ ਰਹੇ ਹਨ।ਅੰਬੈਸਡਰ ਤਰਨਜੀਤ ਸਿੰਘ ਸੰਧੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬਿਹਤਰੀ ਵੱਲ ਕਦਮ ਵਧਾਉਣ ਦੀ ਵੀ ਗੱਲ ਕੀਤੀ ਤਾਂ ਜੋ ਭਾਰਤ ਅਤੇ ਇਸ ਦੇ ਇਥੇ ਰਹਿੰਦੇ ਵਸਨੀਕ ਹਰ ਪੱਖੋਂ ਵਧੀਆ ਕਰ ਗੁਜਰਨ ਨੂੰ ਤਰਜੀਹ ਦੇਣ।

ਇਸ ਮੌਕੇ ਸਿੱਖ ਕਮਿਊਨਿਟੀ ਦੀਆਂ ਉੱਘੀਆਂ ਸਖਸ਼ੀਅਤਾਂ ਵਿੱਚ ਸ:ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ, ਕੰਵਲਜੀਤ ਸਿੰਘ ਸੋਨੀ, ਬਲਜਿੰਦਰ ਸਿੰਘ ਸ਼ੰਮੀ, ਡਾ. ਸੁਰਿੰਦਰ ਸਿੰਘ ਗਿੱਲ, ਗੁਰਚਰਨ ਸਿੰਘ, ਰਤਨ ਸਿੰਘ, ਡਾ.:ਕੋਹਲੀ ਅਤੇ ਉੱਘੇ ਲੀਡਰਾਂ ਵਿੱਚ ਡਾ. ਅਡੱਪਾ ਪ੍ਰਸਾਦ, ਪਵਨ ਕੁਮਾਰ ਬੈਜਵਾੜਾ, ਡਾ: ਸੁਰੇਸ਼ ਗੁਪਤਾ, ਸੁਰਜੀਤ ਸਿੰਘ ਸਿੱਧੂ, ਜਰਨਲਿਸਟ ਵਿੱਚੋਂ ਸੁਖਪਾਲ ਸਿੰਘ ਸੁਰਮੁਖ ਸਿੰਘ ਮਾਣਕੂ ਤੇ ਤੇਜਿੰਦਰ ਸਿੰਘ ਸ਼ਾਮਲ ਹੋਏ।ਟੀਵੀ ਏਸ਼ੀਆ ਦੇ ਮਾਲਕ ਤੇ ਮੀਡੀਆ ਦੀਆ ਹੋਰ ਵੀ ਪ੍ਰਮੁਖ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਸਮੁੱਚਾ ਜੀਆਇਆ ਸਮਾਗਮ ਵੱਖਰੀ ਛਾਪ ਛੱਡ ਗਿਆ ਜੋ ਤਰਨਜੀਤ ਸਿੰਘ ਸੰਧੂ ਦੀ ਆਪਣੀ ਸ਼ਖ਼ਸੀਅਤ ਤੇ ਪ੍ਰਭਾਵ ਦਾ ਪ੍ਰਤੀਕ ਰਿਹਾ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop

# ਉੱਘੇ ਨਾਵਲਕਾਰ ਡਾ.ਜਸਵੰਤ ਸਿੰਘ ਕੰਵਲ ਨਮਿਤ ਸ਼ਰਧਾਂਜਲੀ ਸਮਾਗਮ

## ਪੰਜਾਬ ਸਰਕਾਰ ਨੇ ਸਰਕਾਰੀ ਕਾਲਜ ਢੁੱਡੀਕੇ ਦੇ ਆਡੀਟੋਰੀਅਮ ਦਾ ਨਾਂ ਜਸਵੰਤ ਸਿੰਘ ਕੰਵਲ ਦੇ ਨਾਮ ਤੇ ਰੱਖਣ ਦਾ ਲਿਆ ਫੈਸਲਾ










**ਢੁੱਡੀਕੇ (ਮੋਗਾ)–** ਦੁਨੀਆਂ ਵਿੱਚੋ ਸਭ ਤੋ ਵੱਧ ਦੋਨਾਂ ਪੰਜਾਬਾਂ ਵਿੱਚ ਪੜ੍ਹੇ ਜਾਣ ਵਾਲੇ ਉੱਘੇ ਨਾਵਲਕਾਰ ਡਾ. ਜਸਵੰਤ ਸਿੰਘ ਕੰਵਲ ਜੋ ਕਿ 1 ਫਰਵਰੀ, 2020 ਨੂੰ ਸਵੇਰੇ 8 ਵਜੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ, ਅੱਜ ਉਨ੍ਹਾਂ ਦੀ ਆਤਿਮਕ ਸਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ ਉਨ੍ਹਾਂ ਦੇ ਪਿੰਡ ਢੁੱਡੀਕੇ ਦੇ ਗੁਰਦੁਆਰਾ ਉੱਚਾ ਡੇਰਾ ਵਿਖੇ ਪਾਇਆ ਗਿਆ। ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਮੋਗਾ ਸਤਵੰਤ ਸਿੰਘ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋ ਹਮਦਰਦੀ ਪ੍ਰਗਟਾਈ।

ਉਨ੍ਹਾਂ ਦੱਸਿਆ ਕਿ ਪੰਜਾਬ ਦੇ ਪੇਡੂ ਵਿਕਾਸ ਤੇ ਪੰ-ਚਾਇਤਾਂ, ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਉਚੇਰੀ ਸਿੱਖਿਆ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਜੀ ਅੱਜ ਜਸਵੰਤ ਸਿੰਘ ਕੰਵਲ ਜੀ ਦੇ ਸਹਿਜ ਪਾਠ ਦੇ ਭੋਗ ਵਿੱਚ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕਰਨਾ ਚਹੁੰਦੇ ਸਨ ਪ੍ਰੰਤੂ ਪਹਿਲਾਂ ਰੱਖੇ ਗਏ ਬਹੁਤ ਹੀ ਜ਼ਰੂਰੀ ਅਤੇ ਨਾ ਟਾਲੇ ਜਾ ਸਕਣ ਵਾਲੇ ਕੁਝ ਜਰੂਰੀ ਰੁਝੇਵਿਆਂ ਕਾਰਣ ਅਜਿਹਾ ਸੰਭਵ ਨਹੀ ਹੋ ਸਕਿਆ ਅਤੇ ਉਨ੍ਹਾਂ ਕੰਵਲ ਪਰਿਵਾਰ ਦੇ ਮੈਬਰਾਂ ਤੋ ਮੁਆਫੀ ਵੀ ਮੰਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬੀ ਬੋਲੀ ਅਤੇ ਸੱਭਿਅਚਾਰ ਦੀ ਪ੍ਰਫੁੱਲਤਾ ਲਈ ਹਰ ਸੰਭਵ ਕੋਸ਼ਿਸ਼ ਕਰੇਗੀ ਅਤੇ ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸ: ਕੰਵਲ ਨੇ ਹਜ਼ਾਰਾਂ ਨਹੀ ਲੱਖਾਂ ਨਵੇ ਪੰਜਾਬੀ ਪਾਠਕ ਪੈਦਾ ਕਰਕੇ ਪੰਜਾਬੀ ਭਾਸ਼ਾ ਦਾ ਦਾਇਰਾ ਵਿਸ਼ਾਲ ਕੀਤਾ।

ਉਪ ਮੰਡਲ ਮੈਜਿਸਟ੍ਰੇਟ ਸ: ਸਤਵੰਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਉੱਘੇ ਨਾਵਲਕਾਰ ਡਾ. ਜਸਵੰਤ ਸਿੰਘ ਜੀ ਦੀ ਯਾਦ ਵਿੱਚ ਸਰਕਾਰੀ ਕਾਲਜ ਢੁੱਡੀਕੇ ਵਿੱਚ ਬਣੇ ਹੋਏ ਆਡੋਟੋਰੀਅਮ ਦਾ ਨਾਂ ਜਸਵੰਤ ਸਿੰਘ ਕੰਵਲ ਦੇ ਨਾਮ ਉੱਤੇ ਰੱਖਣ ਦਾ ਫੈਸਲਾ ਲਿਆ ਹੈ ਪ੍ਰਿੰਸੀਪਲ ਸਰਵਣ ਸਿੰਘ ਨੇ ਸੰਗਤਾਂ ਵੱਲੋਂ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਵੀ ਕੀਤੀ।ਮੌਕੇ ਤੇ ਬੋਲਦਿਆਂ ਪੰਜਾਬੀ ਸਾਹਿਤ ਅਕ-ਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਅਜੀਤਵਾਲ ਤੋਂ ਢੁੱਡੀਕੇ ਸੜਕ ਨੂੰ ਸ: ਜਸਵੰਤ ਸਿੰਘ ਕੰਵਲ ਮਾਰਗ ਐਲਾਨੇ। ਵਿਧਾਇਕ ਦਰਸ਼ਨ ਸਿੰਘ ਬਰਾੜ ਨੇ ,ਮਲਕੀਤ ਸਿੰਘ ਦਾਖਾ ਤੇ ਕ੍ਰਿਸ਼ਨ ਕੁਮਾਰ ਬਾਵਾ ਨੇ ਇਹ ਕਾਰਜ ਨੇਪਰੇ ਚੜ੍ਹਾਉਣ ਦੀ ਜ਼ੁੰਮੇਵਾਰੀ ਲਈ।

ਉਨ੍ਹਾਂ ਦੀ ਆਤਮਿਕ ਸਾਂਤੀ ਲਈ ਰੱਖੇ ਗਏ ਸਹਿਜ ਪਾਠ ਦੇ ਭੋਗ ਵਿੱਚ ਪਾਰਲੀਮੈਟ ਮੈਬਰ ਮੁਹੰਮਦ ਸਦੀਕ, ਵਿਧਾਇਕ ਬਾਘਾਪੁਰਾਣਾ ਦਰਸ਼ਨ ਸਿੰਘ ਬਰਾੜ, ਵਿਧਾਇਕ ਧਰਮਕੋਟ ਸੁਖਜੀਤ ਸਿੰਘ ਲੋਹਗੜ੍ਹ, ਵਿਧਾਇਕ ਨਿਹਾਲ ਸਿੰਘ ਵਾਲਾ ਮਨਜੀਤ ਸਿੰਘ ਬਿਲਾਸਪੁਰ,ਤੋ ਇਲਾਵਾ ਹੋਰ ਸਾਹਿਤਕ ਦੇ ਖੇਤਰ ਨਾਲ ਸਬੰਧਤ ਉੱਘੀਆਂ ਸ਼ਖਸ਼ੀਅਤਾਂ, ਹਾਜ਼ਰ ਸਨ। ਇਸ ਦੌਰਾਨ ਵੱਖ ਵੱਖ ਬੁਲਾਰਿਆਂ ਪ੍ਰਿੰਸੀਪਲ ਸਰਵਣ ਸਿੰਘ ,ਕੰਵਲ ਜੀ ਦੇ ਦੋਹਤੇ ਡਾ: ਸੁਮੇਲ ਸਿੰਘ ਸਿੱਧੂ, ਡਾ: ਸਰਦਾਰਾ ਸਿੰਘ ਜੌਹਲ, ਲੋਕ ਗਾਇਕ ਅਮਰਜੀਤ ਗੁਰਦਾਸਪੁਰੀ, ਸਾਬਕਾ ਡਿਪਟੀ ਸਪੀਕਰ ਸ: ਬੀਰਦਵਿੰਦਰ ਸਿੰਘ, ਸਾਬਕਾ ਮੰਤਰੀ ਤੋਤਾ ਸਿੰਘ, ਡਾ: ਸੁਰਜੀਤ ਪਾਤਰ, ਡਾ: ਸਵਰਾਜਬੀਰ ਸੰਪਾਦਕ ਪੰਜਾਬੀ ਟ੍ਰਿਬਿਊਨ, ਸ: ਜਗਮੀਤ ਸਿੰਘ ਬਰਾੜ ਸਾਬਕਾ ਐਮ ਪੀ, ਪ੍ਰੋ: ਗੁਰਭਜਨ ਗਿੱਲ, ਡਾ:,ਤੇਜਵੰਤ ਸਿੰਘ ਮਾਨ, ਡਾ: ਸੁਖਦੇਵ ਸਿੰਘ ਸਿਰਸਾ, ਡਾ. ਸੁਰਜੀਤ ਸਿੰਘ ਪਟਿਆਲਾ,ਕਾਮ-ਰੇਡ ਸਵਰਨ ਸਿੰਘ, ਬਲਵੰਤ ਸਿੰਘ ਰਾਮੂੰਵਾਲੀਆ, ਜਸਦੀਪ ਸਿੰਘ ਗਿੱਲ ਅਤੇ ਸਰਪੰਚ ਜਸਵੀਰ ਸਿੰਘ ਨੇ ਜਸਵੰਤ ਸਿੰਘ ਕੰਵਲ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਜਸਵੰਤ ਸਿੰਘ ਕੰਵਲ ਜੀ ਨੇ ਆਪਣੀ ਜਿੰਦਗੀ ਦੇ 80 ਸਾਲ ਸਾਹਿਤ ਦੇ ਲੇਖੇ ਲਗਾ ਕੇ ਵਧੀਆ ਰਚਨਾਵਾਂ ਨੂੰ ਜਨਮ ਦਿੱਤਾ। ਇਹ ਵੀ ਖਾਸ ਗੱਲ ਹੈ ਕਿ ਸ ਕੰਵਲ ਨੇ ਆਪਣਾ 100 ਵਾਂ ਜਨਮ ਦਿਨ ਪਿਛਲੇ ਸਾਲ 27 ਜੂਨ ਨੂੰ ਹੀ ਮਨਾਇਆ। ਇਹ ਵੀ ਸਾਡੇ ਲਈ ਵੱਡੀ ਮਾਣ ਵਾਲੀ ਗੱਲ ਹੈ ਕਿ ਜਸਵੰਤ ਸਿੰਘ ਕੰਵਲ, ਦੁਨੀਆਂ ਦੇ ਅਜਿਹੇ ਲੇਖਕਾਂ ਵਿੱਚੋ ਹਨ ਜਿੰਨ੍ਹਾਂ ਨੇ ਆਪਣੀ ਜਿੰਦਗੀ ਦੇ 100 ਵਰ੍ਹੇ ਪੂਰੇ ਕਰਕੇ ਇਹ ਪੰਧ ਪੂਰਾ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 102 ਦੇ ਕਰੀਬ ਕਿਤਾਬਾਂ ਅਤੇ ਨਾਵਲ ਲੇਖਕ ਵਜੋ ਲਿਖੇ। ਉਨ੍ਹਾਂ ਨੇ ਸਾਂਝੇ ਪੰਜਾਬ ਮੌਕੇ 1940 ਤੋ ਹੁਣ ਤੱਕ ਚਰਚਿਤ ਨਾਵਲ ਸੱਚ ਨੂੰ ਫਾਂਸੀ, ਪੂਰਨ-ਮਾਸ਼ੀ, ਪਾਲੀ, ਰਾਤ ਬਾਕੀ ਹੈ, ਮਿੱਤਰ ਪਿਆਰੇ ਨੂੰ, ਹਾਣੀ, ਬਰਫ਼ ਦੀ ਅੱਗ, ਲਹੂ ਦੀ ਲੋਹ, ਜਿੰਦਗੀ ਦੂਰ ਨਹੀ, ਸਮੇਤ ਹੋਰ ਵੀ ਚਰਚਿਤ ਰਚਨਾਵਾਂ ਕੀਤੀਆਂ।

ਹੋਰਨਾਂ ਤੋ ਇਲਾਵਾ ਇਸ ਮੌਕੇ ਸਾਬਕਾ ਵਾਈਸ ਚਾਂਸਲਰ ਪੀਏ ਯੂ ਡਾ: ਕ੍ਰਿਪਾਲ ਸਿੰਘ ਔਲਖ,ਗੁਰਪ੍ਰੀਤ ਸਿੰਘ ਤੂਰ ਡੀ ਆਈ ਜੀ, ਤੇਜਪ੍ਰਤਾਪ ਸਿੰਘ ਸੰਧੂ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜੈਨਿੰਦਰ ਚੌਹਾਨ, ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਚੇਅਰਮੈਨ ਜ਼ਿਲ੍ਹਾ; ਪਲੈ-ਨਿੰਗ ਬੋਰਡ ਇੰਦਰਜੀਤ ਸਿੰਘ ਬੀੜਚੜਿੱਕ, ਗੀਤਕਾਰ ਬਾਬੂ ਸਿੰਘ ਮਾਨ, ਕ੍ਰਿਸ਼ਨ ਕੁਮਾਰ ਬਾਵਾ ਚੇਅਰਮੈਨ ਪੀ ਐਸ ਆਈ ਡੀ ਸੀ, ਪੱਤਰਕਾਰ ਰਛਪਾਲ ਗਿੱਲ ਸੱਰੀ ਕੈਨੇਡਾ, ਰਾਜਵਿੰਦਰ ਸਿੰਘ ਰਾਹੀ, ਪਵਨ ਹਰਚੰਦਪੁਰੀ, ਗੁਲਜ਼ਾਰ ਸਿੰਘ ਸ਼ੌਕੀ ਪੰਜਾਬ ਦੇ ਪ੍ਰਸਿੱਧ ਗਾਇਕ ਹਰਭਜਨ ਮਾਨ, ਫ਼ਿਲਮਸਾਜ਼ ਮਨਮੋਹਣ ਸਿੰਘ, ਪ੍ਰਿ: ਬਲਦੇਵ ਬਾਵਾ, ਜਸਮੇਰ ਸਿੰਘ ਢੱਟ ਚੇਅਰਮੈਨ ਸਭਿਆਚਾਰਕ ਸੱਥ ,ਡਾ: ਹਰਜੋਧ ਸਿੰਘ ਜੋਗਰ,ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਦਾਦ, ਸਾਬਕਾ ਮੰਤਰੀ ਮਲਕੀਅਤ ਸਿੰਘ ਦਾਖਾ, ਫੋਟੋਗਰਾਫਰ ਹਰਭਜਨ ਸਿੰਘ ਬਾਜਵਾ ਬਟਾਲਾ, ਦੇਵਿੰਦਰ ਦੀਦਾਰ, ਭੁਪਿੰਦਰ ਸਿੰਘ ਸੰਧੂ, ਹਰਬੰਸ ਸਿੰਘ ਅਖਾੜਾ, ਪ੍ਰੋ: ਅਨੂਪ ਵਿਰਕ, ਗੁਰਮੀਤ ਸਿੰਘ ਬਾਜਵਾ ਕਲਾਨੌਰ, ਜਗਰਾਜ ਸਿੰਘ ਦੌਧਰ ਮੈਂਬਰ ਸ਼੍ਰੋਮਣੀ ਕਮੇਟੀ ਆਦਿ

# ਮਾਸਟਰ ਗੁਰਮੇਲ ਸਿੰਘ ਜਾਹਲ੍ਹਾਂ ਦੀ ਸੇਵਾ ਮੁਕਤੀ ਤੇ ਸ਼ਾਨਦਾਰ ਵਿਦਾਇਗੀ



ਸਿੱਖਿਆ ਖੇਤਰ ਵਿੱਚ ਵਿਲੱਖਣ ਯੋਗਦਾਨ ਪਾਉਣ ਵਾਲੇ ਮਿਹਨਤੀ ਅਤੇ ਦ੍ਰਿੜ ਇਰਾਦੇ ਵਾਲੇ ਸ਼੍ਰ.ਗੁਰਮੇਲ ਸਿੰਘ ਆਰਟ / ਕਰਾਫਟ ਅਧਿਆਪਕ ਨੂੰ ਸਰਕਾਰੀ ਮਿਡਲ ਸਕੂਲ ਜਾਹਲ੍ਹਾਂ ਕੰਪ: ਸ.ਹ.ਸ.ਧਬਲਾਨ (ਪਟਿਆਲਾ) ਤੋਂ ਸੇਵਾ ਮੁਕਤੀ ਸਮੇਂ ਸ਼ਾਨਦਾਰ ਵਿਦਾਇਗੀ ਦਿੱਤੀ ਗਈ। ਸ.ਮਿ.ਸ.ਜਾਹਲ੍ਹਾਂ ਦੇ ਇੰਚਾਰਜ਼ ਸ਼੍ਰ. ਪਰਮਜੀਤ ਸਿੰਘ, ਸ਼੍ਰੀਮਤੀ ਸੀਮਾ ਰਾਣੀ ਹਿੰਦੀ ਮਿਸਟ੍ਰੈਸ,ਵੀਰਪਾਲ ਕੌਰ ਪੰਜਾਬੀ ਮਿਸਟ੍ਰੈਸ, ਸੰਦੀਪ ਕੌਰ ਪੀ.ਟੀ.ਆਈ. ਅਤੇ ਹਰਮਿੰਦਰ ਕੌਰ ਕੰਪ: ਫੈਕਲਟੀ ਵਲੋਂ ਸ਼੍ਰ. ਗੁਰਮੇਲ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਬਲਜਿੰਦਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਕੰਪਲੈਕਸ ਸਕੂਲ ਧਬਲਾਨ ਦੇ ਮੁੱਖ ਅਧਿਆਪਕਾ ਸ਼੍ਰੀਮਤੀ ਦਵਿੰਦਰਪਾਲ ਕੌਰ ਅਤੇ ਸਟਾਫ, ਸ.ਪ.ਸ. ਜਾਹਲ੍ਹਾਂ ਦੀ ਹੈਡ ਟੀਚਰ ਸ਼੍ਰੀਮਤੀ ਗੁਰਪ੍ਰੀਤ ਕੌਰ, ਸਕੂਲ ਮਨੇਜਮੈਂਟ ਕਮੇਟੀ, ਪਿੰਡ ਦੀ ਗੁਰ-ਦੁਆਰਾ ਪ੍ਰਬੰਧਕ ਕਮੇਟੀ, ਗੌ: ਟੀਚਰਜ਼ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸ਼੍ਰ.ਰਣਜੀਤ ਸਿੰਘ ਮਾਨ, ਜਨ: ਸਕੱਤਰ ਪੁਸਪਿੰਦਰ ਸਿੰਘ ਅਤੇ ਸੰਦੀਪ ਰਾਜਪੁਰਾ ਵਲੋਂ ਵੀ ਸ਼੍ਰ. ਗੁਰਮੇਲ ਸਿੰਘ ਨੂੰ ਸੇਵਾ ਦੌਰਾਣ ਨਿਭਾਈਆਂ ਵਧੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਜੀ.ਟੀ.ਯੂ.ਪੰਜਾਬ ਦੇ ਸਾਬਕਾ ਜਨ: ਸਕੱਤਰ ਸ਼੍ਰ. ਗੁਰਨਾਮ ਸਿੰਘ ਘਨੌਰ, ਪ੍ਰਿੰਸੀਪਲ ਸੀਨੀਅਰ ਸੈਕੰਡਰੀ ਸਕੂਲ ਕਲਿਆਣ, ਮੁੱਖ ਅਧਿਆਪਕ ਸ਼੍ਰੀ ਰੂਪ ਕਿਸ਼ੋਰ ਖੱਤਰੀ ਸ.ਹ.ਸ. ਲਲੌਛੀ, ਸਮਾਜ ਸੇਵਕ ਰਤਨਜੀਤ ਸਿੰਘ, ਸਮਾਜ ਸੇਵਕ ਰਣਜੀਤ ਸਿੰਘ, ਸਮਾਜ ਸੇਵਕ ਡਾ. ਅਜੈ ਸਿੰਘ ਅਤੇ ਸ਼੍ਰੀਮਤੀ ਵਰਿੰਦਰ ਕੌਰ ਸਾਇੰਸ ਮਿਸਟ੍ਰੈਸ (ਸਿਵਲ ਲਾਈਨ ਸਕੂਲ) ਨੇ ਹਾਜ਼ਰੀ ਦੇ ਕੇ ਇਸ ਵਿਦਾਇਗੀ ਸਮਾਗਮ ਦੀ ਸ਼ੋਭਾ ਵਧਾਈ।







# ਸ੍ਰੀ ਗੁਰੂ ਰਵਿਦਾਸ ਜੀ ਦਾ 643 ਵਾਂ ਗੁਰਪੁਰਬ ਫਰਿਜ਼ਨੋ ਵਿਖੇ ਬੜੀ ਸਰਧਾ ਨਾਲ ਮਨਾਇਆ ਗਿਆ









**ਫਰਿਜ਼ਨੋ, ਕੈਲੀਫੋਰਨੀਆਂ (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ):** ਸਮੁੱਚੇ ਭਾਰਤ ਦੀ ਸੰਸਕ੍ਰਿਤੀ ਅੰਦਰ ਮਿਹਨਤੀਆਂ ਦੇ ਮਸੀਹਾਂ ਅਤੇ ਗੁਲਾਮ ਸਾਮਰਾਜ ਵਿਰੁੱਧ ਆਵਾਜ਼ ਉਠਾਉਣ ਵਾਲੇ ਕ੍ਰਾਤੀਕਾਰੀ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ 643 ਵਾਂ ਗੁਰਪੁਰਬ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਸਰਧਾ ਭਾਵਨਾ ਨਾਲ ਮਨਾਇਆ ਗਿਆ।

ਜਿੱਥੇ ਐਤਵਾਰ ਦੇ ਦੀਵਾਨ ਵਿੱਚ ਗੁਰੂ ਰਵਿਦਾਸ ਜੀ ਦੇ ਜੀਵਨ ਨੂੰ ਯਾਦ ਕਰਦਿਆਂ ਰੂਹਾਨੀ ਗੁਰ-ਮਤਿ ਵਿਚਾਰਾ ਹੋਈਆ ਅਤੇ ਕੀਰਤਨ ਦੀਵਾਨ ਸਜੇ। ਇਹਨਾਂ ਦੀਵਾਨਾ ਵਿੱਚ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਕਥਾਵਾਚਕ ਭਾਈ ਮਲਕੀਤ ਸਿੰਘ ਨੇ ਗੁਰੂ ਸ਼ਬਦ ਦੀ ਕਥਾ ਦੁਆਰਾ ਸੰਗਤਾਂ ਨੂੰ ਗੁਰੂ ਜੀ ਦੀ ਮਹਿਮਾ ਅਤੇ ਇਤਿਹਾਸ ਸਰਵਨ ਕਰਵਾਇਆ।

ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਉੱਘੇ ਸਮਾਜਸੇਵੀ ਸੁਖਬੀਰ ਸਿੰਘ ਭੰਡਾਲ ਨੇ ਸਟੇਜ਼ ਤੋਂ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹੋਏ ਵਿਚਾਰਾ ਦੀ ਸਾਂਝ ਪਾਈ। ਸਟੇਜ਼ ਸੰਚਾਲਕ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਮਾਨ ਨੇ ਨਿਭਾਈ।

ਗੁਰੂ ਦੀ ਮਹਿਮਾ ਦੇ ਨਾਲ-ਨਾਲ ਐਤਵਾਰ ਦੇ ਇਸ ਵਿਸ਼ੇਸ਼ ਦੀਵਾਨ ਵਿੱਚ ਪ੍ਰਮੋਧ ਲੋਈ ਅਤੇ ਪਰਿਵਾਰ ਵੱਲੋਂ ਗੁਰੂ ਦਾ ਲੰਗਰ ਅਤੁੱਟ ਵਰਤਿਆ। ਇਸ ਸਮਾਗਮ ਦੀ ਵਿਸ਼ੇਸ਼ ਮਹਾਨਤਾ ਇਹ ਰਹੀ ਕਿ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉੱਠ ਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਬਹੁ ਗਿਣਤੀ ਵਿੱਚ ਹਾਜ਼ਰੀਆਂ ਭਰਦੇ ਹੋਏ ਗੁਰੂ ਰਵਿਦਾਸ ਮਹਾਰਾਜ ਦਾ ਪੁਰਬ ਬਹੁਤ ਹੀ ਸਰਧਾ ਅਤੇ ਸਦਭਾਵਨਾ ਨਾਲ ਮਨਾਇਆਂ।

# ਅਨੂਪ ਸਿੰਘ ਚੀਮਾ ਨਾਲ ਰੂਬਰੂ - ਸਨਮਾਨ ਸਮਾਰੋਹ, ਬਲਦੇਵ ਸੀਹਰਾ ਦੀ ਕਿਤਾਬ ਰਿਲੀਜ਼ ਸਮਾਗਮ

ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਵੱਲੋਂ 9 ਫ਼ਰਵਰੀ 2020 ਦਿਨ ਐਤਵਾਰ ਨੂੰ ਇਕ ਸਮਾਗਮ ਦਾ ਆਯੋਜਨ "ਦੀ ਤਾਜ ਇੰਡੀਅਨ ਕੁਜੀਨ ਐਂਡ ਬਾਰ" ਵਿੱਚ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕਮਲ ਦੇਵ ਪਾਲ , ਸਰਦਾਰ ਜਸਪਾਲ ਸੂਸ , ਪਿਆਰਾ ਸਿੰਘ ਗੋਸ.ਲ ਅਤੇ ਸਭਾ ਦੇ ਪ੍ਰਧਾਨ ਹਰਬੰਸ ਜਿਗਿਆਸੂ ਨੇ ਕੀਤੀ। ਸਭ ਤੋਂ ਪਹਿਲਾਂ ਜਸਵੰਤ ਸਿੰਘ ਕੰਵਲ ਅਤੇ ਦਲੀਪ ਕੌਰ ਟੀਵਾਣਾ ਜੀ ਨੂ ਸ਼ਰਧਾਂਜਲੀ ਭੇਟ ਕੀਤੀ ਗਈ। ਬਲਦੇਵ ਸੀਹਰਾ ਦਾ ਗ਼ਜ਼ਲ ਸੰਗ੍ਰਹਿ "ਢਲਦੀ ਸ਼ਾਮ " ਉਸਤਾਦ ਸ਼ਾਇਰ ਕਮਲ ਦੇਵ ਪਾਲ ਜੀ ਨੇ ਲੋਕ ਅਰਪਤ ਕੀਤਾ। ਅਨੂਪ ਸਿੰਘ ਚੀਮਾ ਜੀ ਨੇ ਰੂਬਰੂ ਵੇਲੇ ਸਵਾਲਾਂ ਦੇ ਜਵਾਬ ਬਹੁਤ ਸੁਲਝੇ ਹੋਏ ਕਲਾਕਾਰ ਵਾਂਗ ਦਿੱਤੇ । ਬੌਬੀ ਗੋਸ.ਲ ਨੇ ਅਨੂਪ ਸਿੰਘ ਚੀਮਾ ਜੀ ਨੂੰ ਸਨਮਾਨ ਪੱਤਰ ਭੇਟ ਕੀਤਾ ਅਤੇ ਪਿਆਰਾ ਸਿੰਘ ਗੋਸ.ਲ ਜੀ ਨੇ ਗੋ.ਲਡ ਮੈਡਲ ਨਾਲ ਅਨੂਪ ਸਿੰਘ ਚੀਮਾ ਜੀ ਨੂੰ ਸਨਮਾਨਤ ਕੀਤਾ। ਇਸ ਸਮਾਗਮ ਵਿੱਚ ਕੈਲੀਫੋਰਨੀਆ ਦੀਆਂ ਉੱਘੀਆਂ ਸਖਸ਼ੀਅਤਾਂ ਨੇ ਹਾਜ਼ਰੀ ਲਗਵਾਈ, ।ਰਚਨਾਵਾਂ ਦੇ ਦੌਰ ਵਿੱਚ ਅਨੂਪ ਸਿਘ ਚੀਮਾ ਨੇ ਗੀਤ ਨਾਲ ਹਾਜ਼ਰੀ ਲਗਵਾਈ ਉਸ ਤੋਂ ਬਾਅਦ ਹਰਨੇਕ ਸਿੰਘ ਜੀ ਨੇ ਮਿੰਨੀ ਕਹਾਣੀ ਪੜੀ, ਹਰਜਿੰਦਰ ਪੰਧੇਰ ਨੇ ਕਹਾਣੀ ਪੜੀ, ਅਰਸ਼ਵੀਰ ਸ਼ੇਰਗਿੱਲ ਨੇ



ਕਵਿਤਾਵਾਂ, ਹਰਬੰਸ ਜਗਿਆਸੂ ਜੀ ਨੇ ਗ਼ਜ਼ਲ ਸੁਣਾਈ। ਸਤਨਾਮ ਸਿੰਘ ਤਾਤਲਾ ਜੀ ਨੇ ਫਿਲਮ ਪਰਡਕਸ਼ਨ ਵਾਰੇ ਬਹੁਤ ਵਧੀਆ ਜਾਣਕਾਰੀ ਦਿੱਤੀ । ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਜੀ ਨੇ ਰੁਬਾਈਆਂ ਤੇ ਨਜ਼ਮ ਨਾਲ ਚੰਗਾ ਰੰਗ ਬੰਨਿਆ। ਸਰਦਾਰ ਜਸਪਾਲ ਸੂਸ ਜੀ ਨੇ ਦੋ ਗ਼ਜ਼ਲਾਂ ਨਾਲ ਹਾਜ਼ਰੀ ਲਗਵਾਈ । ਸਭ ਤੋਂ ਅਖੀਰ ਵਿੱਚ ਜਨਾਬ ਕਮਲ ਦੇਵ ਪਾਲ ਨੇ ਗ਼ਜ਼ਲ ਦੇ ਸ਼ਿਅਰਾਂ ਨਾਲ ਇਸ ਸਮਾਗਮ ਨੂੰ ਸਿਖਰ ਪ੍ਰੂੰਜਦਾ ਕੀਤਾ। ਸਰਦਾਰ ਜਸਪਾਲ ਸੂਸ,ਡਾ ਹਰਬੰਸ ਸਿੰਘ ਜਗਿਆਸੂ,ਉਸਤਾਦ ਕਮਲ ਦੇਵ ਪਾਲ,ਅਨੂਪ ਸਿੰਘ ਚੀਮਾਂ, ਹਰਜਿੰਦਰ ਪੰਧੇਰ(ਪਰਧਾਨ ਸਾਹਿਤ ਸਭਾ ਸਟਾਕਟਨ), ਪਿ ਹਰਨੇਕ ਸਿੰਘ, ਸਰਦਾਰ ਪਿਆਰਾ ਸਿੰਘ ਗੋਸਲ,ਸਤਨਾਮ ਸਿੰਘ ਤਾਤਲਾ(ਫਿਲਮ ਪਰਡੂਸਰ-ਐਕਟਰ), ਬੀਬੀ ਸੁਰਜੀਤ ਕੌਰ, ਕੇਹਰ ਸਿੰਘ, ਸਵਰਨ ਸਿੰਘ ਗਿੱਲ, ਗੁਰਮੁੱਖ ਸਿੰਘ ਗੋਸਲ (ਬੌਬੀ ਗੋਸਲ),ਅਰਸ਼ਵੀਰ ਸ਼ੇਰਗਿੱਲ,ਰਣਜੀਤ ਜੌਹਲ, ਸੁਖਦੇਵ ਸਿੰਘ ਮੁੰਡੀ, ਜੁਗਿੰਦਰ ਸਿੰਘ ਦੁਲਾਈ, ਤਰਦੀਪ ਸਿੰਘ, ਸੁਖਦੇਵ ਸਿੰਘ ਢਿੱਲੋਂ,ਡਾ ਗੁਰਿੰਦਰ ਸਿੰਘ, ਸਤਨਾਮ ਸਿੰਘ ਨਿੱਝਰ ਜੀ ਤੋਂ ਇਲਾਵਾ ਹੋਰ ਬਹੁਤ ਲੇਖਕਾਂ ਤੇ ਸਾਹਿਤ ਪਰੇਮੀਆਂ ਨੇ ਭਾਗ ਲੈਕੇ ਸਮਾਗਮ ਨੂੰ ਬਹੁਤ ਸਫਲ ਬਣਾਇਆ.

ਇਹ ਯਾਦਗਾਰੀ ਸਮਾਗਮ ਬਹੁਤ ਦੇਰ ਤੱਕ ਯਾਦ ਰਹੇਗਾ । ਅੰਤ ਵਿੱਚ ਸਭਾ ਦੇ ਪ੍ਰਧਾਨ ਹਰਬੰਸ ਜਗਿਆਸੂ ਜੀ ਨੇ ਸਾਰੇ ਲੇਖਕਾਂ ਅਤੇ ਸ੍ਰੋਤਿਆਂ ਦਾ ਧੰਨਵਾਦ ਕੀਤਾ ।

ਨੋਟ- ਆਉਂਦੀ ਮੀਟਿੰਗ ਵਾਰੇ ਜਾਣਕਾਰੀ ਸਭਾ ਦੇ ਪਰਧਾਨ ਜੀ ਤੇ ਸਕੱਤਰ ਜੀ ਤੋਂ ਲਈ ਜਾ ਸਕਦੀ ਹੈ.

ਪਰਧਾਨ ਡਾ. ਹਰਬੰਸ ਸਿੰਘ ਢਿੱਲੋਂ (ਜਗਿਆਸੂ)
530-933-2204
ਸਕੱਤਰ ਜਤਿੰਦਰ ਸਿੰਘ




# Govt. Primary School Shamshabad in district Fazilka

We are proud of Head teacher Sh. Ravinderpal Singh and his team of dedicated teachers!!! Excellent!!! Great job done!!!* Our teachers are:

1. Sh. Ravinderpal Singh,
   Head Teacher
2. Sh. Varinder Singh,
   ETT
3. Smt. Rajni,
   ETT
4. Smt. Seema Rani,
   ETT
5. Smt. Maya Bai,
   EGS Volunteer
6. Smt. Sawarna Rani,
   MDM Cook
7. Smt. Manjeet Kaur,
   MDM Cook

All of us need to appreciate the work done by our teachers and students led by Sh. Ravinderpal Singh. Let's send a message (9501016467) to him for this commendable work!!!





















## 'ਅੰਬੇਡਕਰ ਮਿਸ਼ਨ ਦੀ ਰਾਹ ਤੇ' ਕਿਤਾਬ ਰਿਲੀਜ਼ ਕੀਤੀ






ਚੰਡੀਗੜ੍ਹ- ਸੈਂਟਰ ਫਾਰ ਦਾ ਸਟੱਡੀ ਆਫ ਸੋਸ਼ਲ ਐਕ-ਸਕਲੂਜ਼ਨ ਐਂਡ ਇੰਕਲੂਸਿਵ ਪਾਲਸੀ ਵਿਚ ਬੁੱਧਵਾਰ ਨੂੰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਸਾਥੀ ਅਤੇ ਸਮਾਜ ਸੇਵਕ ਕੇ. ਸੀ. ਸੁਲੇਖ ਦੀ ਕਿਤਾਬ ਰਿਲੀਜ਼ ਕੀਤੀ ਗਈ। 'ਅੰਬੇਡਕਰ ਮਿਸ਼ਨ ਦੀ ਰਾਹ ਤੇ' ਨਾਮੀ ਇਸ ਕਿਤਾਬ ਦੀ ਘੁੰਡ ਚੁਕਾਈ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪ੍ਰਿੰਸੀਪਲ ਸੈਕਟਰੀ ਗੌਰਮਿੰਟ ਆਫ ਹਰਿਆਣਾ ਰਾਜ ਸ਼ੇਖਰ ਗੁੰਦਰੂ ਨੇ ਕੀਤੀ। ਪ੍ਰੋਫੈਸਰ ਰਾਮ ਦੀ ਰਾਮ ਅਤੇ ਪ੍ਰੋ. ਇਮੈਨੂਅਲ ਨਾਹਰ ਨੇ ਸੁਲੇਖ ਦੇ ਜੀਵਨ ਸੰਘਰਸ਼ ਨੂੰ ਸਾਂਝਾ ਕੀਤਾ।

ਉਹਨਾਂ ਦੱਸਿਆ ਕਿ ਕਿਵੇਂ ਭੇਦਭਾਵ ਅਤੇ ਹੈਰਾ-ਸਮੈਂਟ ਦੇ ਸ਼ਿਕਾਰ ਸੁਲੇਖ ਨੇ ਡਾਕਟਰ ਅੰਬੇਡਕਰ ਦੇ ਨਾਲ ਮਿਲ ਕੇ ਇਸ ਏਰੀਏ ਵਿਚ ਦਲਿਤਾਂ ਦੀ ਲੜਾਈ ਲੜੀ। ਕਿਤਾਬ ਵਿਚ ਅੰਬੇਡਕਰ ਮਿਸ਼ਨ ਦੇ ਸਫਰ ਨੂੰ ਸਾਂਝਾ ਕੀਤਾ ਗਿਆ ਹੈ।

ਡਾ. ਕੰਚਨ ਚੰਦਨ ਵੀ ਇਸ ਮੌਕੇ ਤੇ ਮੌਜੂਦ ਸਨ।

## ਮਹਿਕ ਫੁੱਲਾਂ ਦੀ

ਖਿੜ ਜਾਵੇ ਜੋ ਫੁੱਲ ਅਖਵਾਉਂਦਾ,
ਨਾ ਖਿੜਿਆਂ ਰਹਿ ਜਾਂਦੀ ਡੋਡੀ ।
ਮਹਿਕ, ਸੁਹੱਪਣ ਖਿੜਿਆਂ ਆਵੇ,
ਬਿਨਾਂ ਖੜਿਆ ਰਹੇ ਟਾਹਣੀ ਭੋਡੀ ।

ਬੀਜ ਉਗਾਇਆਂ ਪੌਦਾ ਬਣਦਾ,
ਗੁੱਡ-ਗੁੱਡ ਆਉਂਦੇ ਨੇ ਫੁੱਲ ਭਾਰੀ ।
ਪਾਣੀ, ਖਾਦ ਜੋਬਨ ਭਰ ਦਿੰਦੇ,
ਬੂਟੇ ਲੱਦ ਲੈਣ ਚੰਗੀ ਫ਼ਲਦਾਰੀ ।

ਤਿਤਲੀ ਭੌਰੇ ਚਾਹੁਣ ਸੁਗੰਧੀਆਂ,
ਮਧੂ ਮੱਖੀਆਂ ਚੁਸਣ ਫੁੱਲਵਾੜੀ ।
ਰਸ ਲੈ ਜਾਵਣ ਖਿਚ-ਖਿਚ ਇਹੋ,
ਮੂੰਹ ਭਰਿਓ ਭਰ ਲੈਣ ਉਡਾਰੀ ।

ਆ ਫੁੱਲਾਂ ਦੀ ਰੌਣਕ ਦੇ ਓਹਲੇ ,
ਮੋਰ ਖੁਸ਼ੀ ਵਿਚ ਪੈਲਾਂ ਪਾਉਂਦਾ ।
ਦੁਨੀਆਂ ਦਾ ਹਰ ਸ਼ਖਸ ਪਰਿੰਦਾ,
ਆ ਫੁੱਲਵਾੜੀ 'ਚ' ਮੁਸਕਰਾਂਉਂਦਾ ।

ਫੁੱਲ ਕੰਡਿਆਂ 'ਚ ਵੀ ਜਾ ਲੱਗਦੇ,
ਜਾ ਕੇ ਵੇਖੋ ਗੁਲਾਬ ਦਾ ਬੂਟਾ ।
ਦੁਸ਼ਮਣ ਵੀ ਦੋਸਤ ਬਣ ਜਾਂਦਾ,
ਜੇ ਇਕਰਾਰ ਨਾ ਨਿਕਲੇ ਝੂਠਾ।

ਫੁੱਲਾਂ ਦਾ ਕਿਰਦਾਰ ਹੈ ਸੁੱਚਾ,
ਹਰ ਕੋਈ ਹਾਰ ਫੁੱਲਾਂ ਦੇ ਪਾਵੇ ।
ਨਵੀਂ ਜੋੜੀ ਜੋ ਪਾਵੇ ਗਲ ਵਿਚ
ਉਹੀ ਹਾਰ ਜੈ ਮਾਲਾ ਬਣ ਜਾਵੇ ।

ਮਹਿਕ ਫੁੱਲਾਂ ਦੀ ਬਣਿਓ ਸਾਰੇ,
ਤੇ ਬੋਲੀ ਰਖੋ ਸ਼ਹਿਦ ਤੋਂ ਮਿਠੀ ।
ਮਹਿਕ ਜਦ ਹੁੰਦੀ ਚਾਰ ਚੁਫੇਰੇ,
ਤਾਂਹੀਓ ਨਜ਼ਰ ਵੀ ਰਹਿੰਦੀ ਤਿੱਖੀ ।



ਰਬਿੰਦਰ ਸ਼ਰਮਾ

## ਗੁਰਪੁਰਬ ਦੀਆਂ ਹੋਣ ਵਧਾਈਆਂ ਜੀ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ
ਗੁਰਪੁਰਬ ਦੀਆਂ ਹੋਣ ਵਧਾਈਆਂ ਜੀ
ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ
ਗੁਰਪੁਰਬ ਦੀਆਂ ਹੋਣ ਵਧਾਈਆਂ ਜੀ
ਆ ਜਾਓ ਸਾਰੇ ਰਲ ਮਿਲ ਕੇ
ਗੁਰਪਰਬ ਦੀਆਂ ਖੁਸ਼ੀਆਂ ਮਨਾਈਏ ਜੀ
ਜਿਹੜੀ ਗੁਰੂ ਜੀ ਨੇ ਸਾਨੂੰ ਸਿੱਖਿਆ ਦਿੱਤੀ
ਉਹਨੂੰ ਸਮਝੀਏ ਅਤੇ ਸਮਝਾਈਏ ਜੀ
ਜਾਤਾਂ-ਪਾਤਾਂ ਦੀਆਂ ਜੋ ਪਾਈਆਂ ਅਸੀਂ ਲੀਕਾਂ
ਆਪਾਂ ਲੀਕਾਂ ਇਹੋ ਮਿਟਾਈਏ ਜੀ
ਗੁਰੂ ਜੀ ਮਿਹਨਤ ਕਰਨੀ ਦੱਸੀ ਏ
ਦਸਾਂ ਨਹੁੰਆਂ ਦੀ ਮਿਹਨਤ ਕਮਾਈਏ ਜੀ
ਸੰਗਤਾਂ ਰਲ ਮਿਲ ਕੇ ਅਸੀਂ ਸਾਰੇ
ਨਗਰ ਕੀਰਤਨ ਆਵੋ ਸਜਾਈਏ ਜੀ
ਕੋਈ ਵੱਡਾ ਨਹੀਂ ਕੋਈ ਛੋਟਾ ਨਹੀਂ
ਗੁਰੂ ਦੱਸੀ ਜੋ ਗੱਲ ਸਮਝਾਈਏ ਜੀ
ਸ੍ਰੀ ਗੁਰੂ ਰਵਿਦਾਸ ਜੀ ਖੁਸ਼ੀਆਂ ਸੁੱਖ ਵੰਡਦੇ ਨੇ
ਆ ਜਾਓ ਝੋਲੀਆਂ ਭਰ ਲੈ ਆਈਏ ਜੀ
ਗੁਰਪੁਰਬ ਗੁਰੂ ਜੀ ਦਾ ਆਇਆਏ
ਤੇ ਖੁਸ਼ੀਆਂ ਸੰਗਤਾਂ ਦੇ ਦਿਲਾਂ 'ਚ ਆਈਆਂ ਜੀ
ਦਾਸ ਜੁਗਿੰਦਰ ਸਭਨਾਂ ਸੰਗਤਾਂ ਨੂੰ
ਗੁਰਪੁਰਬ ਦੀਆਂ ਦੇਵੇ ਵਧਾਈਆਂ ਜੀ
ਧੰਨ ਧੰਨ ਸ੍ਰੀ ਗੁਰੂ ਰਵਿਦਸ ਜੀ ਦੇ
ਗੁਰਪੁਰਬ ਦੀਆਂ ਹੋਣ ਵਧਾਈਆਂ ਜੀ
ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ
ਗੁਰਪੁਰਬ ਦੀਆਂ ਹੋਣ ਵਾਈਆਂ ਜੀ।



– ਜੁਗਿੰਦਰ ਧਾਮੀ
ਪਿੱਪਲਾਂਵਾਲੀਆ
530-844-0987

## ਮਦਨ ਮੱਦੀ ਦਾ ਨਵਾਂ ਟਰੈਕ 'ਸੱਚ ਬੋਲਦਾ' ਨਵੇਂ ਪਿੰਡ ਫਿਲਮੀ ਮੇਲੇ ਵਿੱਚ ਹੋਇਆ ਰਿਲੀਜ਼

'ਮਾਹੀ ਵੇ ਗੱਡੀ ਲੰਘਜੇ ਤੇਰੀ' 'ਕਦੇ ਤੇ ਹੱਸ ਬੋਲ ਵੇ' 'ਤੇਰਾ ਨਾਂਅ ਚੰਗਾ ਲੱਗੇ' ਗੀਤਾਂ ਨਾਲ ਅੰਤਰਰਾਸ਼ਟਰੀ ਪੱਧਰ ਤੇ ਪੰਜਾਬੀ ਗਾਇਕ ਮਦਨ ਮੱਦੀ ਦਾ ਨਵਾਂ ਗਾਣਾ 'ਪੀਤੀ ਵਿੱਚ ਸੱਚ ਬੋਲਦਾ' ਅਮ੍ਰਿਤਸਰ ਨੇੜੇ ਪਿੰਡ ਨਵਾਂ ਪਿੰਡ ਦੇ 'ਸਟਾਰ ਪੈਲਸ' 'ਚ ਹੋਏ ਫ਼ਿਲਮੀ ਮੇਲੇ ਦੌਰਾਨ ਆਈ.ਜੀ.ਪੰਜਾਬ ਪੁਲਿਸ ਰਛਪਾਲ ਸਿੰਘ ਨੇ ਰਿਲੀਜ਼ ਕੀਤਾ । ਐਸ.ਐਸ. ਰਿਕਾਰਡਜ਼ ਵੱਲੋਂ ਤਿਆਰ 'ਸੱਚ ਬੋਲਦਾ' ਦੀ ਰਿਲੀਜ਼ ਤੇ ਫਿਲਮ ਹੀਰੋ ਤੇ ਗਾਇਕ ਫਿਰੋਜ਼ ਖਾਨ ਨੇ 'ਪਾਣੀ ਦੀਆਂ ਛੱਲਾਂ ਹੋਵਣ' ਗੀਤ ਪੰਜ ਵਾਰ ਲੋਕਾਂ ਦੀ ਮੰਗ ਤੇ ਗਾਇਆ। ਕੋਮਲ ਢਿੱਲੋਂ, ਭੋਲਾ ਲਾਇਲਪੁਰੀਆਂ, ਕਪਤਾਨ ਸਿੰਘ ਚੂੰਗ ਇਸ ਮੇਲੇ 'ਚ ਸ਼ਾਮਿਲ ਫਿਲਮੀ ਹਸਤੀਆਂ ਸਨ । ਮਦਨ ਮੱਦੀ ਨੇ ਸਟੇਜ ਤੇ ਆ ਕਿ ਆਪਣੇ ਨਗਮੇ ਸੁਣਾਏ ਤੇ ਫਿਰ ਸਕਰੀਨ ਤੇ 'ਸੱਚ ਬੋਲਦਾ' ਦਾ ਪੂਰਾ ਵੀਡਿਉ ਦਿਖ-ਾਇਆ ਗਿਆ । ਗਾਇਕ ਸ਼ੰਮੀ ਖਾਨ, ਸ਼ੇਰਾ




ਬੋਹੜਵਾਲੀਆ ਵਿਜੇ ਮੱਟੂ ਸਮੇਤ ਫਿਲਮੀ ਸਿਤਾ-ਰਆਂ ਨੇ ਮਦਨ ਮੱਦੀ ਦੇ ਇਸ ਗੀਤ 'ਸੱਚ ਬੋਲਦਾ' ਦੇ ਰਿਲੀਜ਼ ਹੁੰਦੇ ਸਾਰ 50 ਹਜ਼ਾਰ ਹੋਏ ਵਿਊਜ਼ ਤੇ ਖੁਸ਼ੀ ਪ੍ਰਗਟਾਈ ਤੇ ਇਸ ਸਮੇਂ ਯੂ.ਟਿਊਬ ਤੇ 'ਸੱਚ ਬੋਲਦਾ' ਦੇ ਵਿਊਜ਼ ਪੰਜ ਲੱਖ ਨੂੰ ਪਹੁੰਚ ਗਏ ਹਨ । ਮਦਨ ਮੱਦੀ ਦੇ 'ਸੱਚ ਬੋਲਦਾ' ਦਾ ਸੰਗੀਤ ਸੋਨੂੰ ਭਗਤ ਨੇ ਤਿਆਰ ਕੀਤਾ ਹੈ ਤੇ ਵੀਡਿਉ ਬਿਕਰਮ ਗਿੱਲ ਨੇ ਬਣਾਇਆ ਹੈ । ਨਵਾਂ ਪਿੰਡ 'ਚ ਪਹਿਲੀ ਵਾਰ ਫਿਲਮੀ ਸਿਤਾਰੇ ਆਉਣ ਤੇ ਐਸ.ਐਸ.ਰਿਕਾਰਡਜ਼ ਦੇ ਪਰਵਿੰਦਰ ਚਾਹਲ, ਸਾਗਰ ਚਾਹਲ, ਸ਼ਮਸੇਰ ਸਿੰਘ ਨੇ ਇਕ ਇਤਿਹਾਸਕ ਦਿਨ ਇਸਨੂੰ ਦੱਸਿਆ 'ਮਦਨ ਮੱਦੀ 'ਸੱਚ ਬੋਲਦਾ' ਨਾਲ ਫਿਰ ਪੰਜਾਬੀ ਗਾਇਕੀ 'ਚ ਅੰਬਰਾਂ ਦਾ ਧਰੂ ਤਾਰਾ ਬਣਿਆ ਹੈ ਤੇ ਗੀਤ ਸੁਣ ਮਨੋਰੰਜਨ ਦੀ ਲੈਅ ਨਾਲ ਦਿਲ ਥਿਰਕਦੇ ਹਨ।

– ਅੰਮ੍ਰਿਤ ਪਵਾਰ

## ਪੱਕੇ ਪੇਪਰ

ਪੱਕੇ ਪੇਪਰ ਬਸ ਆ ਗਏ ਨੇੜੇ,
ਦੱਬ ਕੇ ਪੜ੍ਹੋ ਹੁਣ ਸ਼ਾਮ ਸਵੇਰੇ।
ਸਮਾਂ ਸਾਰਣੀ ਬਣਾ ਕੇ ਪੜ੍ਹਨਾ,
ਛੱਡ ਦੋ ਇਧਰ ਓਧਰ ਖੜਨਾ।
ਕਿਤਾਬਾਂ ਅੱਗੇ ਲਾਓ ਪੱਕੇ ਡੇਰੇ
ਪੱਕੇ ਪੇਪਰ ਬਸ ....

ਖੇਡਣਾ ਕੁੱਦਣਾ ਕਰ ਦਿਓ ਬੰਦ,
ਬੱਚਿਓ ਪੜ੍ਹੋ ਨਿੱਤ ਘੰਟੇ ਪੰਜ।
ਵੇਖਣਾ ਫਿਰ ਨਹੀਂ ਪੈਣੇ ਲਫੇੜੇ
ਪੱਕੇ ਪੇਪਰ ਬਸ ....

ਟੀਵੀ ਦੇਖਣ ਤੋਂ ਕਰੋ ਕਿਨਾਰਾ,
ਧਿਆਨ ਭੰਗ ਕਰ ਦਿੰਦਾ ਸਾਰਾ।
ਵੇਖਣ ਨੂੰ ਮਿਲਣਗੇ ਦਿਨ ਬਥੇਰੇ
ਪੱਕੇ ਪੇਪਰ ਬਸ ....

ਚੰਗੇ ਨੰਬਰਾਂ ਨਾਲ ਹੋਣਾ ਪਾਸ,
ਮਾਪੇ ਲਗਾਈ ਬੈਠੇ ਨੇ ਆਸ।
ਵਿੱਦਿਆ ਬਿਨਾਂ ਨੇ ਘੋਰ ਹਨ੍ਹੇਰੇ
ਪੱਕੇ ਪੇਪਰ ਬਸ ....

ਚਮਨ ਸਰਾਂ ਦਾ ਇਹੋ ਗਿਆਨ,
ਸਿਹਤ ਦਾ ਰੱਖਣਾ ਹੈ ਧਿਆਨ।
ਠੰਡ 'ਚ ਨਾ ਲਾਈ ਜਾਇਓ ਗੇੜੇ
ਪੱਕੇ ਪੇਪਰ ਬਸ ਆ ਗਏ ਨੇੜੇ,
ਦੱਬ ਕੇ ਪੜ੍ਹੋ ਹੁਣ ਸ਼ਾਮ ਸਵੇਰੇ।



ਚਮਨਦੀਪ ਸ਼ਰਮਾ
91-95010-33005

## "ਜਨਮ ਗੁਰੂ ਰਵਿਦਾਸ ਜੀ" ਗੀਤ ਲੈ ਕੇ ਹਾਜ਼ਰ ਹੈ ਪ੍ਰਸਿੱਧ ਗਾਇਕ ਗੁਰਮੀਤ ਮੀਤ

**ਚੰਡੀਗੜ, (ਪ੍ਰੀਤਮ ਲੁਧਿਆਣਵੀ)** ਲੋਕ-ਗਥਾਵਾਂ ਅਤੇ ਕਿੱਸੇ ਗਾਉਣ ਨਾਲ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੇ ਪ੍ਰਸਿੱਧ ਗਾਇਕ ਗੁਰਮੀਤ ਮੀਤ ਦੀ ਬੁਲੰਦ ਅਵਾਜ਼ ਵਿੱਚ ਬਹੁਤ ਹੀ ਪਿਆਰਾ ਧਾਰਮਿਕ ਗੀਤ ''ਜਨਮ ਗੁਰੂ ਰਵਿਦਾਸ ਜੀ'' ਜਸ਼ਨ ਰਿਕ-ਾਰਡ ਕੰਪਨੀ ਦੁਆਰਾ ਰਿਲੀਜ਼ ਕੀਤਾ ਗਿਆ। ਇਸ ਗੀਤ ਨੂੰ ਕਲਮਬੱਧ ਕੀਤਾ ਹੈ, ਗੀਤਕਾਰ ਗੁਰਨੇਕ ਸਿੰਘ ਝਵਾਰ ਨੇ ਅਤੇ ਇਸ ਨੂੰ ਸੰਗੀਤ ਨਾਲ ਸ਼ਿੰਗਾ-ਰਆ ਹੈ ਸੰਗੀਤਕਾਰ ਤਾਰ-ਏ ਦਾ ਬੀਟ ਬਰੇਕਰ ਨੇ। ਇਸ ਦੇ ਪ੍ਰਡਿਊਸਰ ਹਨ ਬਿੱਟੂ ਅਰੋੜਾ ਜੀ ਅਤੇ ਇਸ ਨੂੰ ਗੀਤਕਾਰੀ ਦੇ ਥੰਮ ਬਾਪੂ ਦੇਵ ਥਰੀਕੇ ਵਾਲੇ ਦਾ ਅਸ਼ੀਰਵਾਦ ਪ੍ਰਾਪਤ ਹੋਇਆ ਹੈ। ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ ਜੱਪ, ਜੱਸ ਅਤੇ ਸੁਪ੍ਰਸਿੱਧ ਗੀਤਕਾਰ ਰਾਜੂ ਨਾਹਰ ਦਾ। ਇਹ ਗੀਤ ਗੁਰੂ ਸਾਹਿਬ ਦੇ ਭਗਤਾਂ ਵੱਲੋਂ ਖੂਬ ਪਸੰਦ ਕੀਤਾ ਜਾ ਰਿਹਾ ਹੈ। ਇਸ ਗਾਇਕ ਵੱਲੋਂ ਏਸੇ ਤਰਾਂ ਹੀ ਆਪਣੀ ਕਲਾ ਦੁਆਰਾ ਸਾਡੇ ਵਿਰਸੇ ਦੀ ਸੇਵਾ ਕਰਦੇ ਰਹਿਣ ਦੀਆਂ ਅਸੀਮ ਸੰਭਾਵਨਾਵਾਂ ਹਨ। ਵਾਹਿਗੁਰੂ ਇਸ ਨੂੰ ਨਿਰੰਤਰ ਚੱਲਦੇ ਰਹਿਣ ਦਾ ਬਲ ਬਖ਼ਸ਼ੇ!




# ਪੁਸਤਕ ਸਮੀਖਿਆ / ਗੁਰਮੀਤ ਸਿੰਘ ਪਲਾਹੀ

## ਪ੍ਰੋ: ਜਸਵੰਤ ਸਿੰਘ ਗੰਡਮ ਦੀ ਪੁਸਤਕ 'ਕੁਛ ਤੇਰੀਆਂ ਕੁਛ ਮੇਰੀਆਂ' ਬਾਰੇ ਕੁਛ ਵਿਚਾਰ

ਟਰਾਟਸਕੀ, ਲੈਨਿਨ ਦੀ ਸਾਹਿਤ ਬਾਰੇ ਟਿੱਪਣੀ ਕਿ 'ਸਾਹਿਤ ਸਮਾਜ ਦਾ ਸ਼ੀਸ਼ਾ ਹੈ' ਨੂੰ ਅੱਗੇ ਤੋਰਦਾ ਹੋਇਆ ਕਹਿੰਦਾ ਹੈ ਕਿ ਸਾਹਿਤ, ਸ਼ੀਸ਼ੇ ਵਿੱਚੋਂ ਸਮਾਜਿਕ ਵਿਵਸਥਾ ਦੀ ਸਥਿਤੀ ਨੂੰ ਦੇਖਦੇ ਉਸ ਵਿਚਲੇ ਚਿੱਬਾਂ ਨੂੰ ਠੀਕ ਕਰਨ ਲਈ ਇੱਕ ਹਥੋੜਾ ਵੀ ਹੈ। ਪ੍ਰੋ: ਜਸਵੰਤ ਸਿੰਘ ਗੰਡਮ ਦੀ ਪੁਸਤਕ 'ਕੁਛ ਤੇਰੀਆਂ ਕੁਛ ਮੇਰੀਆਂ' ਦੇ ਲੇਖਾਂ, ਵਿਅੰਗ-ਲੇਖਾਂ ਵਿਚਲੀਆਂ ਬੇਬਾਕ ਤੇਜ਼ ਤਰਾਰ, ਖੱਟੀਆਂ-ਮਿੱਠੀਆਂ ਟਿੱਪਣੀਆਂ, ਹਥੋੜੇ ਸਮਾਨ ਹੀ ਤਾਂ ਹਨ, ਜਿਹੜੀਆਂ ਬੇ-ਲਿਹਾਜ ਹੋ ਸਮਾਜ ਦੀਆਂ ਉਹਨਾ ਕੁਰੀਤੀਆਂ ਉਤੇ ਲਗਾਤਾਰ ਵਾਰ ਕਰਦੀਆਂ ਹਨ, ਜਿਹਨਾ ਨੇ ਸਮਾਜ ਵਿੱਚ ਵੈਰ-ਵਿਰੋਧ, ਅਸਮਾਨਤਾ, ਭਰਮ ਜਾਲ ਫੈਲਾ ਰੱਖਿਆ ਹੈ।

ਸਾਹਿਤ-ਰਚਨਾ ਕੇਵਲ ਸਮਕਾਲ ਦੀ ਤਸਵੀਰਕਸ਼ੀ ਤੱਕ ਹੀ ਸੀਮਤ ਨਹੀਂ ਸਗੋਂ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਸਥਿਤੀ ਦੇ ਅੰਦਰ ਅਤੇ ਬਾਹਰ ਪਰਵੇਸ਼ ਕਰਦਿਆਂ ਵਾਪਰਦੀਆਂ ਵਿਸੰਗਤੀਆਂ ਨੂੰ ਸਮਝਕੇ, ਉਹਨਾ ਦੇ ਮੁਕਤੀ-ਜੁਗਤ ਸਾਪੇਖੀ ਹੱਲ ਦੀ ਤਲਾਸ਼ ਕਰਨ ਦੀ ਇੱਛਾ ਜਾਹਿਰ ਕਰਨਾ ਵੀ ਉਸਦਾ ਮੰਤਵ ਹੁੰਦਾ ਹੈ। ਪ੍ਰੋ: ਜਸਵੰਤ ਸਿੰਘ ਗੰਡਮ ਦੇ ਅਠਾਈ ਦੇ ਅਠਾਈ ਲੇਖ, ਜੋ ਉਸਨੇ ਆਪਣੇ ਜੀਵਨ ਦੇ 40 ਵਰ੍ਹਿਆਂ ਦੌਰਾਨ ਲਿਖੇ ਹਨ ਤੇ ਹੱਥਲੀ ਪੁਸਤਕ 'ਚ ਸ਼ਾਮਲ ਕੀਤੇ ਹਨ, ਸਮਾਜ ਵਿਚਲੀਆਂ ਵਿਸੰਗਤੀਆਂ ਉਤੇ ਉਂਗਲ ਹੀ ਨਹੀਂ ਧਰਦੇ, ਸਗੋਂ ਉਹਨਾ ਵਿਸੰਗਤੀਆਂ ਦੇ ਹੱਲ ਲਈ ਇੱਛਾ ਜ਼ਾਹਿਰ ਕਰਦੇ ਨਜ਼ਰ ਆਉਂਦੇ ਹਨ। ਸ਼ਬਦਾਂ ਦੀ ਲੇਖਾਂ ਵਿੱਚ ਸਹੀ ਜੁਗਤ ਨਾਲ ਵੱਖਰੀ ਸ਼ੈਲੀ 'ਚ ਵਿਚਾਰਾਂ ਦੀ ਬੁਣਤ, ਸ਼ਬਦਾਂ ਦੀ ਰਵਾਨਗੀ ਪ੍ਰੋ: ਜਸਵੰਤ ਸਿੰਘ ਗੰਡਮ ਦੇ ਲੇਖਾਂ ਦਾ ਹਾਸਲ ਹੈ। ਉਹ ਲਿਖਦਾ ਹੈ ਪਾਠਕਾਂ ਦੇ ਦਿਲਾਂ ਨੂੰ ਟੁੰਬਦਾ ਹੈ, ਉਹ ਲਿਖਦਾ ਹੈ ਪਾਠਕਾਂ ਨੂੰ ਆਪਣੀ ਉਂਗਲੀ ਫੜਨ ਲਈ ਮਜ਼ਬੂਰ ਕਰ ਦਿੰਦਾ ਹੈ। ਮੁਹਾਵਰੇ ਦਾਰ ਬੋਲੀ ਦੀ ਵਰਤੋਂ ਕਰਦਿਆਂ, ਲੋੜ ਵੇਲੇ ਸ਼ਿਅਰੋ-ਸ਼ਾਇਰੀ ਕਰਦਾ ਉਹ ਨਿਰੰਤਰ, ਛੋਟੀਆਂ-ਛੋਟੀਆਂ ਟਿੱਪਣੀਆਂ ਕਰਦਾ ਹੈ। ਆਪਣੀ ਰਚਨਾ ਨੂੰ ਉਹ ਅੰਤਿਮ ਪੜ੍ਹਾਅ ਵੱਲ ਤੋਰਦਾ ਹੈ ਅਤੇ ਪਾਠਕਾਂ ਦੇ ਮਨ 'ਚ ਸਵਾਲ ਪੈਦਾ ਕਰਦਾ ਜਾਂਦਾ ਹੈ । ਇਹੋ ਅਸਲ 'ਚ ਕਿਸੇ ਸਾਹਿਤਕ ਕਿਰਤ ਦਾ ਮੰਤਵ ਹੁੰਦਾ ਹੈ। ਵੰ-ਨਗੀਆਂ ਵੇਖੋ, "ਜ਼ਿੰਦਗੀ ਜ਼ਿੰਦਾ ਦਿਲੀ ਦਾ ਨਾਅ ਹੈ, ਮੁਰਦਾ ਦਿਲ ਕਯਾ ਖਾਕ ਜੀਆ ਕਰਤੇ ਹੈਂ" (ਮੌਤ ਦਾ ਵਰ੍ਹਾ), "ਪਰ ਗੋਡੇ ਲੱਗੇ ਜਾਂ ਗਿੱਟੇ, ਲੱਤਾਂ ਪੈਣ ਜਾਂ ਅੜਨ" (ਸਿਰ ਤੋਂ ਪੈਰਾਂ




ਤੀਕ), "ਸਿਵਿਆਂ 'ਚ ਜਾ ਕੇ ਵੀ ਬੋਲਣੋਂ ਨਹੀਂ ਹਟੇ"? (ਮਿੱਤਰਾ ਮੋਬਾਈਲ ਵਾਲਿਆ), "ਉਗਣ ਵਾਲੇ ਉਗ ਪੈਂਦੇ ਨੇ ਸੀਨਾਂ ਪਾੜ ਕੇ ਪੱਥਰਾਂ ਦਾ!" (ਪਰਬਤ ਪੁਰਸ਼ ਦਸ਼ਰਥ ਮਾਂਝੀ ਦੀ ਸਮਾਧੀ ਨੂੰ ਸਿਜਦਾ)।ਪ੍ਰੋ: ਜਸਵੰਤ ਸਿੰਘ ਗੰਡਮ ਨੇ ਪਿਛਲੇ ਚਾਰ ਦਹਾਕੇ ਦੇ ਸਮੇਂ ਵਿਚਲੇ ਤ੍ਰਿਪਤ-ਪਿਆਸੇ, ਸਿਧੇ-ਵਿੰਗੇ, ਸਮਤਲ-ਚਿਬ ਖੜਿੱਬੇ, ਸੌਖੇ-ਔਖੇ ਰਾਹਾਂ ਦੀ ਪਛਾਣ ਕਰਦਿਆਂ, ਆਪਣੇ ਜੀਵਨ 'ਚ ਵਾਪਰੀਆਂ ਘਟਨਾਵਾਂ ਨੂੰ ਇਹਨਾ ਲੇਖਾਂ 'ਚ ਸਮੇਟਿਆ ਹੈ। ਉਸਨੇ ਆਪਣੀ ਪੁਸਤਕ ਨੂੰ ਦੋ ਭਾਗਾਂ 'ਚ ਵੰਡਕੇ ਵਿਅੰਗ-ਲੇਖ ਵੱਖਰੇ ਅਤੇ ਵੱਖਰੀ ਵੰਨਗੀ ਦੇ ਲੇਖ ਵੱਖਰੇ ਰੱਖੇ ਹਨ, ਪਰ ਇਹਨਾ ਲੇਖਾਂ 'ਚ ਆਪਣੇ ਜੀਵਨ ਕਾਲ ਵਿੱਚ ਵਾਪਰੀਆਂ, ਵਾਪਰ ਰਹੀਆਂ ਘਟਨਾਵਾਂ ਦਾ ਸਿਰਫ ਲੇਖਾ-ਜੋਖਾ ਹੀ ਨਹੀਂ ਕੀਤਾ ਸਗੋਂ ਸਮਾਜਿਕ-ਰਾਜਨੀਤਕ-ਸਭਿਆਚਾਰਕ ਉਸਾਰੀ ਦੀ ਪੜ੍ਹਾ ਵਾਰ ਗਤੀਸ਼ੀਲ ਵਰਤਾਰੇ ਦੀ ਪਹਿਚਾਣ ਵੀ ਕੀਤੀ ਹੈ। ਉਸਦੀ ਗਤੀਸ਼ੀਲ, ਨੁਕੀਲੀ ਕਲਮ ਆਪਣੇ ਅੰਦਰ ਅਤੇ ਬਾਹਰ ਨਾਲ ਸੰਵਾਦ ਰਚਾਉਂਦੀ ਹੈ, ਪ੍ਰਸ਼ਨ ਵਾਚੀ ਸ਼ੈਲੀ 'ਚ ਰਿਸੇ ਜ਼ਖਮਾਂ ਦੀ ਰਿਸਨ ਪ੍ਰੀਕਿਰਿਆ ਨੂੰ ਵਾਚਦੀ, ਪਰਖਦੀ ਹੈ। ਉਸਦੀ ਆਪਣੀ ਅਤੇ ਆਪਣੇ ਦੁਆਲੇ ਵਿਚਰਦੇ ਕਿਰਦਾਰਾਂ ਦੀ ਕਾਰਕੀ ਭੂਮਿਕਾ ਨੇ ਉਸਦੀ ਸਾਹਿਤ ਸਿਰਜਨਾ ਨੂੰ ਬਹੁਤ ਪ੍ਰਭਾਵਤ ਕੀਤਾ ਹੈ। ਅੰਗਰੇਜੀ ਦਾ ਪ੍ਰੋਫੈਸਰ ਰਿਹਾ ਪ੍ਰੋ: ਗੰਡਮ ਸਾਰੀ ਉਮਰ ਅੰਗਰੇਜ਼ੀ ਸਾਹਿਤ ਪੜ੍ਹਾਉਂਦਾ ਰਿਹਾ, ਕੀਟਸ, ਸੈਕਸ਼ਪੀਅਰ ਅਤੇ ਹੋਰ ਅੰਗਰੇਜ਼ੀ ਲੇਖਕਾਂ ਦੇ ਵਿਚਾਰਾਂ ਨਾਲ ਆਪਣੇ ਵਿਦਿਆਰਥੀਆਂ ਦੀ ਸਾਂਝ ਪਵਾਉਂਦਾ ਰਿਹਾ, ਪਰ ਆਪਣੀ ਮਾਂ-ਬੋਲੀ ਪੰਜਾਬੀ ਨਾਲ ਪਿਆਰ ਉਸਦੀਆਂ ਰਚਨਾਵਾਂ ਵਿੱਚ ਵੇਖਿਆ ਹੀ ਬਣਦਾ ਹੈ। ਉਸਦੀ ਪੰਜਾਬੀ ਬੋਲੀ ਉਤੇ ਪਕੜ, ਗੁੰਦਵੀਂ ਲੱਛੇਦਾਰ ਸ਼ੈਲੀ ਉਸਨੂੰ ਪੰਜਾਬੀ ਦੇ ਹੋਰ ਚੰਗੀ ਵਾਰਤਿਕ ਲਿਖਣ ਵਾਲਿਆਂ ਦੀ ਕਤਾਰ 'ਚ ਖੜਿਆਂ ਕਰਦੀ ਹੈ। ਸਾਫਗੋਈ ਉਸਦੀਆਂ ਰਚਨਾਵਾਂ ਦਾ ਸ਼ਿੰਗਾਰ ਹੈ। ਜਿਵੇਂ ਉਹ ਆਮ ਜ਼ਿੰਦਗੀ 'ਚ ਸੱਚ- ਕਹਿਣੋਂ ਕਦੇ ਨਹੀਂ ਥਿੜਕਿਆ, ਉਵੇਂ ਹੀ ਰਚਨਾਵਾਂ ਨਾਲ ਇਨਸਾਫ ਕਰਨੋਂ ਵੀ ਉਹ ਨਹੀਂ ਉਕਿਆ। ਪ੍ਰੋ: ਗੰਡਮ ਜਾਣਦਾ ਹੈ ਕਿ ਜਿਉਣ ਦਾ ਅਰਥ ਅੰਦਰ ਤੋਂ ਬਾਹਰ ਤੱਕ ਦਾ ਵਿਸਥਾਰ ਹੈ।



ਸੰਪੂਰਨ ਬਾਹਰੀਅਤ ਜਿਸਨੂੰ ਸੰਸਾਰ ਕਹਿੰਦੇ ਹਨ ਵਿੱਚ ਵਿਚਰਦਿਆਂ ਮਨੁੱਖ ਚੰਗੀ ਜਾਂ ਮਾੜੀ, ਹਮਾਇਤੀ ਜਾਂ ਵਿਰੋਧੀ, ਘਟਨਾਵੀ ਸਥਿਤੀ ਨਾਲ ਟਕਰਾਓ, ਤਣਾਓ, ਦਬਾਓ ਵਿੱਚ ਰਹਿੰਦਾ ਉਸਦੇ ਜਿਉਣ ਅਰਥਾਂ ਨੂੰ ਪ੍ਰਭਾਵਤ ਕਰਦਾ ਹੈ।ਉਸਦੀ ਲੇਖਣੀ ਜ਼ਿੰਦਗੀ ਦੇ ਅਰਥਾਂ ਦੀ ਤਲਾਸ਼ ਵਿੱਚ ਤੁਰੇ ਮਨੁੱਖ ਦੇ ਮਹਾਂ-ਮਾਨਵੀ ਕਰਮ ਦੀ ਪਛਾਣ ਕਰਦੀ ਹੈ। ਪ੍ਰੋ: ਗੰਡਮ ਦੀਆਂ ਲਿਖਤਾਂ ਜਿਥੇ ਭਾਰਤੀ ਸਮਾਜਿਕ ਵਿਵਸਥਾ ਵਿੱਚ ਭ੍ਰਿਸ਼ਟਾਚਾਰ, ਦੁਰ-ਅਚਾਰ, ਆਰਥਿਕ ਨਾ ਬਰਾਬਰੀ, ਜਾਤੀ-ਪਾਤੀ ਪ੍ਰਥਾ, ਮਿਹਨਤ ਦੀ ਲੁੱਟ, ਅਨੈਤਿਕ ਜਿਨਸੀ ਰਿਸ਼ਤਿਆਂ, ਸਭਿਆਚਾਰਕ ਗਿਰਾਵਟ, ਅਮਨੁੱਖੀ ਵਿਵਹਾਰ ਨੂੰ ਪੇਸ਼ ਕਰਦੀਆਂ ਹਨ, ਉਥੇ ਇਸ ਵਰਤਾਰੇ ਵਿਰੁੱਧ ਸੰਘਰਸ਼ ਕਰਦੇ ਮਨੁੱਖ ਦੀ ਜਿੱਤ ਦੀ ਧੁਨੀ ਨੂੰ ਵੀ ਮਾਨਤਾ ਦਿੰਦੀਆਂ ਹਨ। ਅਰਥ ਭਰਪੂਰ ਸਿਰਲੇਖਾਂ ਨਾਲ ਲਿਖੇ ਉਸਦੇ ਵਿਅੰਗ ਲੇਖ "ਮੌਤ ਦਾ ਵਰ੍ਹਾ, ਸਿਰ ਤੋਂ ਪੈਰਾਂ ਤੀਕ, ਉਦੋਂ ਮਿਲ੍ਹ ਦਾ ਘੁੱਗੂ ਬੋਲਿਆ ਸੀ, ਮਿੱਤਰਾ ਮੋਬਾਈਲ ਵਾਲਿਆ, ਕੰਮ ਪਿਆਰਾ ਚੰਮ ਨਹੀਂ, ਲੋਕੀਂ ਕੀ ਕਹਿਣਗੇ, ਸਮਾਂ ਬਨਾਮ ਭਾਰਤੀ ਸਮਾਂ, ਡਸਟਬਿਨ ਇੱਕ ਕਿ ਦੋ, ਮੋਰੀਂ ਰੁਣ ਝੁਣ ਲਾਇਆ, ਭਲਾ ਕੀ ਖਿਚੜੀ ਪੱਕ ਰਹੀ ਹੈ, ਚੂਹੇ ਹੋ ਰਹੇ ਸ਼ਰਾਬੀ, ਚਮਚੇ, ਭਲਾ ਹੋਇਆ ਮੇਰਾ ਚਰਖਾ ਟੁੱਟਾ ਜਿੰਦ ਅਜਾਬੋਂ ਛੁੱਟੀ, ਮੁਰਦਾ ਬੋਲਿਆ ਖਫਣ ਪਾੜ ਕੇ ਜੀ, ਦਿਨ ਗਧਿਆਂ ਦੇ ਆਏ, ਪਾਠਕਾਂ ਨੂੰ ਸਿੱਧੇ ਤੌਰ ਤੇ ਪ੍ਰਭਾਵਤ ਤਾਂ ਕਰਦੇ ਹੀ ਹਨ, ਨਾਲ ਦੀ ਨਾਲ ਉਹਨਾ ਦੇ ਮਨ 'ਚ ਇਹਨਾ ਰਚਨਾਵਾਂ ਨੂੰ ਪੜ੍ਹਨ ਦੀ ਉਤਸਕਤਾ ਪੈਦਾ ਕਰਦੇ ਹਨ। ਲੇਖਾਂ ਦੀਆਂ ਹੋਰ ਵੰਨਗੀਆਂ 'ਚ ਉਸਦੇ ਲੇਖਾਂ 'ਚ ਆਪਣੇ ਪਿੰਡ ਦੇ ਬੋਹੜ, ਆਪਣੇ ਅਧਿਆਪਕਾਂ ਦੀ ਦੇਣ ਜਿਹੇ ਲੇਖਾਂ ਤੋਂ ਬਿਨ੍ਹਾਂ ਉਸ ਵਲੋਂ ਕੀਤੀਆਂ ਯਾਤਰਾਵਾਂ ਦੇ ਪ੍ਰਭਾਵਾਂ ਨੂੰ ਬਿਆਨ ਕਰਨ ਵਾਲੇ ਲੇਖ ਹਨ।

ਪ੍ਰੋ: ਗੰਡਮ ਦੀ ਇਹ ਪੁਸਤਕ ਕਈ ਕਾਰਨਾਂ ਕਰਕੇ ਵਿਲੱਖਣ ਹੈ। ਉਸ ਵਿੱਚ ਗਿਆਨ ਭਰਪੂਰ ਰਚਨਾਵਾਂ ਤਾਂ ਹਨ ਹੀ, ਪਰ ਨਾਲ ਦੀ ਨਾਲ ਮਨੁੱਖੀ ਮਨ ਨੂੰ ਸਕੂਨ ਦੇਣ ਵਾਲੇ ਵਿਅੰਗ ਲੇਖ ਹਨ। ਕੁਲ ਸਫੇ 120 ਹਨ। ਬਹੁ-ਰੰਗੀ ਸਜਿਲਦ ਇਸ ਪੁਸਤਕ ਦੀ ਕੀਮਤ 200 ਰੁਪਏ ਦੇਸ਼ ਵਿੱਚ ਅਤੇ ਵਿਦੇਸ਼ ਲਈ 5 ਡਾਲਰ ਰੱਖੀ ਗਈ ਹੈ ਅਤੇ ਇਸ ਪੁਸਤਕ ਦੀ ਪ੍ਰਕਾਸ਼ਨਾ ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ ਨੇ ਕੀਤੀ ਹੈ।

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥



# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

## ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 15 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 15 ਮਾਰਚ 2020 ਦਿਨ ਐਤਵਾਰ ਨੂੰ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਵਿਨੋਦ ਕੁਮਾਰ ਚੁੰਬਰ (ਚੇਅਰਮੈਨ)



ਹਰਮੇਸ਼ ਲਾਲ ਮਦਾਰਾ (ਵਾਈਸ ਚੇਅਰਮੈਨ)



ਅਜੈਬ ਸਿੰਘ ਸੁੰਡਾ (ਪ੍ਰਧਾਨ)



ਕੁਲਵੰਤ ਸਿੰਘ ਸਿੱਧੂ (ਸੀਨੀਅਰ ਵਾਈਸ ਪ੍ਰਧਾਨ)



ਰਾਮ ਲੁਭਾਇਆ (ਵਾਈਸ ਪ੍ਰਧਾਨ)



ਸ਼ਿਵ ਸਿੱਧੂ (ਜਨਰਲ ਸਕੱਤਰ)



ਅਮਨਦੀਪ ਸਿੰਘ (ਸਹਾਇਕ ਜਨਰਲ ਸਕੱਤਰ)



ਤਰਲੋਚਨ ਸਿੰਘ ਬੱਧਣ (ਖਜਾਨਚੀ)



ਸੋਹਣ ਲਾਲ ਝੱਲੀ (ਸਹਾਇਕ ਖਜਾਨਚੀ)

### ਜਾਰੀ ਕਰਤਾ

ਵਿਨੋਦ ਕੁਮਾਰ ਚੁੰਬਰ (ਚੇਅਰਮੈਨ), ਹਰਮੇਸ਼ ਲਾਲ ਮਦਾਰਾ (ਵਾਈਸ ਚੇਅਰਮੈਨ), ਅਜੈਬ ਸਿੰਘ ਸੁੰਡਾ (ਪ੍ਰਧਾਨ), ਕੁਲਵੰਤ ਸਿੰਘ ਸਿੱਧੂ (ਸੀਨੀਅਰ ਵਾਈਸ ਪ੍ਰਧਾਨ), ਰਾਮ ਲੁਭਾਇਆ (ਵਾਈਸ ਪ੍ਰਧਾਨ), ਸ਼ਿਵ ਸਿੱਧੂ (ਜਨਰਲ ਸਕੱਤਰ), ਅਮਨਦੀਪ ਸਿੰਘ (ਸਹਾਇਕ ਜਨਰਲ ਸਕੱਤਰ), ਤਰਲੋਚਨ ਸਿੰਘ ਬੱਧਣ (ਖਜਾਨਚੀ), ਸੋਹਣ ਲਾਲ ਝੱਲੀ (ਸਹਾਇਕ ਖਜਾਨਚੀ) ਅਤੇ ਸੁਰਿੰਦਰ ਸੋਨੀ (ਆਡੀਟਰ)




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## ਮਦਨ ਲਾਲ ਢੀਂਗਰਾ ਦੇ ਜਨਮ ਦਿਨ 'ਤੇ

# ਮਦਨ ਲਾਲਾ ਢੀਂਗਰਾ (ਫਰਵਰੀ 18, 1883-ਅਗਸਤ 17, 1909)

**ਹਿੰਦੋਸਤਾਨ ਦੀ ਆਜ਼ਾਦੀ** ਦੀ ਜੱਦੋਜ਼ਹਿਦ ਵਿਦੇਸ਼ਾਂ ਤੋਂ ਸ਼ੁਰੂ ਹੋਈ ਜਿਸ ਵਿਚ ਅਣਗਿਣਤ ਮਰਜੀਵੜਿਆਂ ਨੇ ਜਾਨਾਂ ਵਾਰੀਆਂ। ਇਨ੍ਹਾਂ 'ਚੋਂ ਕੁਝ ਅਜੇਹੇ ਹਨ ਜਿਨ੍ਹਾਂ ਨੇ ਵਿਦੇਸ਼ ਵਿਚ ਰਹਿੰਦਿਆਂ ਕਿਸੇ ਬ੍ਰਿਟਿਸ਼ ਸਰਕਾਰ ਦੇ ਜ਼ੁਲਮੀ ਕਿਰਦਾਰ ਜਾਂ ਜਾਸੂਸ ਤੋਂ ਬਦਲਾ ਲਿਆ ਜਿਵੇਂ, ਮੇਵਾ ਸਿੰਘ ਲੋਪੋਕੇ ਨੇ ਇੰਮੀਗ੍ਰੇਸ਼ਨ ਅਫਸਰ ਵਿਲੀਅਮ ਹੌਪਕਿੰਨਸਨ ਨੂੰ ਵੈਨਕੂਵਰ ਦੀ ਕਚਹਿਰੀ ਵਿਚ ਗੋਲੀ ਮਾਰ ਕੇ ਸੋਧਿਆ ਅਤੇ ਰਾਮ ਸਿੰਘ ਨੇ ਧੋਖੇਬਾਜ਼ ਰਾਮਚੰਦਰਾ ਨੂੰ ਸੈਨ ਫਰਾਂਸਿਸਕੋ ਦੀ ਕਚਹਿਰੀ ਵਿਚ ਗੋਲੀ ਨਾਲ ਫੁੰਡਿਆ। ਦੋ ਜੋਧੇ ਅਜੇਹੇ ਹਨ ਜੋ ਹਿੰਦੋਸਤਾਨ ਤੋਂ ਮਿਥ ਕੇ ਕਿਸੇ ਜ਼ਾਲਮ ਗੋਰੇ ਨੂੰ ਉਸ ਦੇ ਦੇਸ਼ ਵਿਚ ਜਾ ਕੇ ਬਦਲਾ ਲੈਣ ਲਈ ਪਹੁੰਚੇ, ਪਹਿਲਾ ਸੀ ਮਦਨ ਲਾਲ ਢੀਂਗਰਾ ਅਤੇ ਦੂਜਾ ਸੀ ਊਧਮ ਸਿੰਘ। ਇਸ ਲੇਖ ਵਿਚ ਮਦਨ ਲਾਲ ਢੀਂਗਰਾ ਬਾਰੇ ਵਿਚਾਰਿਆ ਗਿਆ ਹੈ।

ਮਦਨ ਲਾਲਾ ਢੀਂਗਰਾ ਦਾ ਜਨਮ ਫਰਵਰੀ 18, 1883 ਨੂੰ ਅੰਮ੍ਰਿਤਸਰ ਦੇ ਇਕ ਧਨਾਢ ਪਰਿਵਾਰ ਵਿਚ ਹੋਇਆ। ਉਹ ਪਰਿਵਾਰ ਦੇ ਸੱਤ ਮੁੰਡਿਆਂ ਵਿਚੋਂ ਛੇਵੇਂ ਨੰਬਰ ਤੇ ਸੀ। ਉਸਦਾ ਪਿਤਾ, ਗੀਤਾ ਮੱਲ, ਅੱਖਾਂ ਦਾ ਮਾਹਰ ਸੀ ਅਤੇ ਅੰਮ੍ਰਿਤਸਰ ਦਾ ਸਿਵ਼ਲ ਸਰਜਨ ਸੀ। ਕਿਹਾ ਜਾਂਦਾ ਹੈ ਕਿ ਐਡੀ ਉੱਚੀ ਪਦਵੀ 'ਤੇ ਪਹੁੰਚਣ ਵਾਲਾ ਉਹ ਪਹਿਲਾ ਹਿੰਦੋਸਤਾਨੀ ਸੀ। ਉਸ ਨੇ ਸਾਰੇ ਬੇਟਿਆਂ ਨੂੰ ਇੰਗਲੈਂਡ ਤੋਂ ਆਹਲਾ ਵਿਦਿਆ ਦੁਆਈ। ਮਦਨ ਲਾਲਾ ਢੀਂਗਰਾ ਪਹਿਲਾਂ ਅੰਮ੍ਰਿਤਸਰ ਦੇ ਕਾਲਜ ਵਿਚ ਪੜ੍ਹਿਆ ਤੇ ਬਾਅਦ ਵਿਚ ਐਮ. ਏ. ਕਰਨ ਲਈ ਲਾਹੌਰ ਦੀ ਸਰਕਾਰੀ ਯੂਨੀਵਰਸਿਟੀ ਵਿਚ ਦਾਖਲ ਹੋਇਆ। ਉਸ ਨੇ ਪੜ੍ਹਾਈ ਸਮੇਂ ਹਿੰਦੋਸਤਾਨ ਦੀ ਗਰੀਬੀ ਅਤੇ ਕਾਲ਼ ਦੇ ਕਾਰਨਾਂ ਦਾ ਖੁੱਭ ਕੇ ਜਾਇਜ਼ਾ ਲਿਆ ਤੇ ਨਤੀਜਾ ਕੱਢਿਆ ਕਿ ਇਨ੍ਹਾਂ ਅਲਾਮਤਾਂ ਦਾ ਹੱਲ ਮੁਲਕ ਦੇ 'ਸਵਰਾਜ' ਅਰਥਾਤ, ਹਿੰਦੋਸਤਾਨ ਦੀ ਆਜ਼ਾਦੀ ਵਿਚ ਹੈ। ਉਸ ਵੇਲੇ ਤਕ ਢੀਂਗਰਾ ਬ੍ਰਿਟਿਸ਼ ਗੌਰਮਿੰਟ ਦੇ ਵਿਰੁੱਧ ਚਲਾਈ ਆਜ਼ਾਦੀ ਦੀ ਪਹਿਲੀ ਲਹਿਰ, 'ਸਵਦੇਸ਼ੀ ਅੰਦੋਲਨ' ਵਿਚ ਰੰਗਿਆ ਜਾ ਚੁਕਿਆ ਸੀ। ਇਹ ਲਹਿਰ ਦਾਦਾਭਾਈ ਨਾਰੋਜੀ, ਗੁਪਾਲ ਕ੍ਰਿਸ਼ਨ ਗੋਖਲੇ, ਕੇਸ਼ਵ ਗੰਗਾਧਰ ਤਿਲਕ ਅਤੇ ਜੀ਼ ਵੀ਼ ਜੋਸ਼ੀ ਨੇ ਚਲਾਈ ਸੀ।



ਗੁਰਮੇਲ ਸਿੱਧੂ
(559) 323-6781

ਸੰਨ 1904 ਵਿਚ ਕਾਲਜ ਦੇ ਪ੍ਰਿੰਸੀਪਲ ਨੇ ਹੁਕਮ ਚਾੜ੍ਹ ਦਿੱਤਾ ਕਿ ਕਾਲਜ ਦਾ ਬਲੇਜ਼ਰ (ਕੋਟ) ਇੰਗਲੈਂਡ ਵਿਚ ਬੁਣੇ ਹੋਏ ਕੱਪੜੇ ਤੋਂ ਬਣਿਆ ਹੋਇਆ ਹੋਵੇਗਾ। ਯਾਦ ਰਹੇ ਕਿ ਹਰ ਕਾਲਜ ਦਾ ਇਕ ਖਾਸ ਚਿੰਨ੍ਹ (Insignia) ਹੁੰਦਾ ਹੈ ਜੋ ਬਲੇਜ਼ਰ ਦੇ ਉੱਪਰ ਲਾਇਆ ਜਾਂਦਾ ਹੈ। ਢੀਂਗਰਾ ਨੇ, ਵਿਦਿਆਰਥੀਆਂ ਨਾਲ ਰਲ ਕੇ, ਪ੍ਰਿੰਸੀਪਲ ਦੀ ਇਸ ਸ਼ਰਤ ਦੇ ਖਿਲਾਫ ਮੁਜਾਹਰਾ ਕੀਤਾ, ਫਲਸਰੂਪ, ਉਸ ਨੂੰ ਕਾਲਜ 'ਚੋਂ ਕੱਢ ਦਿੱਤਾ। ਉਸ ਦੀਆਂ ਕ੍ਰਾਂਤੀਕਾਰੀ ਗਤੀਵਧੀਆਂ ਨੂੰ ਦੇਖ ਕੇ, ਸੰਨ 1906 ਵਿਚ, ਵੱਡੇ ਭਾਈ ਨੇ ਉਸ ਨੂੰ ਮਕੈਨੀਕਲ ਇੰਜਨੀਅਰਿੰਗ ਦੀ ਪੜ੍ਹਾਈ ਕਰਨ ਲਈ ਲੰਡਨ ਯੂਨੀਵਰਸਿਟੀ ਦੇ ਕਾਲਜ ਵਿਚ ਦਾਖਲ ਕਰਵਾ ਦਿੱਤਾ।

### ਇੰਡੀਆ ਹਾਊਸ ਵਿਚ ਸਾਵਰਕਰ ਨਾਲ ਮੇਲ

ਸੰਨ 1905 ਵਿਚ ਸ਼ਿਆਮਾਜੀ ਕ੍ਰਿਸ਼ਨਾ ਵਰਮਾ ਨੇ ਲੰਡਨ ਵਿਚ ਹਿੰਦੋਸਤਾਨੀ ਵਿਦਿਆਰਥੀਆਂ ਲਈ ਘਰ ਖਰੀਦਿਆ ਜਿਸ ਦਾ ਨਾਂ 'ਇੰਡੀਆ ਹਾਊਸ' ਰੱਖਿਆ। ਇਸ ਦਾ ਉਦਘਾਟਨ 'ਸੋਸ਼ਲਿਸਟ ਡੈਮੋਕਰੈਟਿਕ ਫੈਡਰੇਸ਼ਨ' ਦੇ ਪ੍ਰਧਾਨ, ਹੈਨਰੀ ਮਾਇਰਜ਼ ਹੰਡਮਨ ਨੇ ਕੀਤਾ। ਇਸ ਸਮੇਂ ਦਾਦਾਭਾਈ ਨਾਰੋਜੀ, ਲਾਲਾ ਹਰਦਿਆਲ, ਭੀਖਾਜੀ ਕਾਮਾ, ਵੀ਼ ਐਨ਼ ਚੈਟਰਜੀ, ਵੀ਼ਵੀ਼ ਐਸ਼ ਈਯਰ, ਐਮ.ਪੀ.ਟੀ. ਅਚਾਰੀਆ ਅਤੇ ਕੁਝ ਮੀਡੀਆਂ ਦੇ ਸੰਪਾਦਕ ਹਾਜ਼ਰ ਸਨ। ਸ਼ਿਆਮਾਜੀ ਦਾ ਮਕਸੱਦ ਸੀ ਕਿ ਇੰਡੀਅਨ ਵਿਦਆਰਥੀ ਨੂੰ ਵਜ਼ੀਫੇ ਦੇ ਕੇ ਲਿਆਂਦਾ ਜਾਵੇ ਅਤੇ 'ਇੰਡੀਆ ਹਾਊਸ' ਵਿਚ ਠਹਿਰਾਇਆ ਜਾਵੇ। ਮਕਸਦ ਇਹ ਸੀ ਕਿ ਹਿੰਦੋਸਤਾਨੀ ਵਿਦਿਆਰਥੀਆਂ ਨੂੰ ਕ੍ਰਾਂਤੀ ਦਾ ਜਾਗ ਲਾ ਕੇ ਇੰਡੀਆ ਦੀ ਆਜ਼ਾਦੀ ਦੀ ਜੱਦੋਜਹਿਦ ਵਿਚ ਸ਼ਾਮਿਲ ਕੀਤਾ ਜਾਵੇ। ਵਿਨਾਇਕ ਦਮੋਦਰ ਸਾਵਰਕਰ ਸੰਨ 1906 ਵਿਚ ਅਜਿਹੇ ਵਜ਼ੀਫੇ ਤਹਿਤ ਆਇਆ ਸੀ। ਸੰਨ 1907 ਵਿਚ ਲੰਡਨ ਦੇ ਇਲਾਕੇ ਵਿਚ 700 ਹਿੰਦੋਸਤਾਨੀ ਵਿਦਿਆਰਥੀ ਸਨ ਅਤੇ ਇਨ੍ਹਾਂ 'ਚੋਂ 300 'ਇੰਡੀਆ ਹਾਊਸ' ਵਿਚ ਜਾਂ ਇਸ ਦੇ ਲਾਗੇ-ਚਾਗੇ ਰਹਿੰਦੇ ਸਨ।

'ਇੰਡੀਆ ਹਾਊਸ' ਹਿੰਦੋਸਤਾਨੀਆਂ ਦੀਆਂ ਮੀਟਿੰਗਾਂ ਦਾ ਅੱਡਾ ਬਣ ਗਿਆ। ਮਦਨ ਲਾਲ ਢੀਂਗਰਾ ਏਥੇ ਰਾਜਨੀਤਕ ਸਰਗਰਮੀਆਂ ਦੇ ਲੀਡਰਾਂ, ਸਾਵਰਕਰ ਅਤੇ ਸ਼ਿਆਮਜੀ ਕ੍ਰਿਸ਼ਨਾ ਵਰਮਾ ਦੇ ਸੰਪਰਕ ਵਿਚ ਆ-ਇਆ। ਉਨ੍ਹਾਂ ਨੇ ਢੀਂਗਰਾ ਦੀ ਸ਼ਹਿਨਸ਼ੀਲਤਾ ਅਤੇ ਦੇਸ਼ ਭਗਤੀ ਨੂੰ ਸਲਾਹਿਆ, ਫਲਸਰੂਪ, ਉਹ ਵਤਨ ਦੀ ਆਜ਼ਾਦੀ ਦੀ ਜੰਗ ਵਿਚ ਕੁੱਦ ਪਿਆ। ਸਾਵਰਕਰ, ਅਹਿੰਸਕ ਨੀਤੀ ਵਿਚ ਨਹੀਂ, ਹਿੰਸਕ ਅੰਦੋਲਨ ਵਿਚ ਵਿਸ਼ਵਾਸ ਰਖਦਾ ਸੀ। ਮਦਨ ਲਾਲ ਢੀਂਗਰਾ ਉੱਤੇ ਇਸ ਨੀਤੀ ਦਾ ਡੂੰਘਾ ਅਸਰ ਪਿਆ। ਸਾਵਰਕਰ ਨੇ ਉਸ ਨੂੰ ਹਥਿਆਰ ਚਲਾਉਣ ਦੀ ਸਿਖਿਆ ਦੇਣੀ ਸ਼ੁਰੂ ਕਰ ਦਿੱਤੀ। ਆਪਣੇ ਮਕਸਦ ਨੂੰ ਪੂਰਾ ਕਰਨ ਲਈ, ਉਹ ਟੋਟਕ ਕੋਰਟ ਰੋਡ ਵਾਲੀ 'ਸ਼ੂਟਿੰਗ ਰੇਂਜ (ਸ਼ਹੋਟਨਿਗ ਰਓਨਗਇ) ਵਿਚ ਨਸ਼ਾਨੇਬਾਜੀ ਦਾ ਅਭਿਆਸ ਕਰਨ ਲੱਗ ਪਿਆ।

ਇਕ ਵਾਰ ਸਾਵਰਕਰ ਅਪਣੇ ਸਾਥੀਆਂ ਨੂੰ ਆਜ਼ਾਦੀ ਬਾਰੇ ਦਿਲ ਟੁੰਭਵਾਂ ਭਾਸ਼ਣ ਦੇ ਰਿਹਾ ਸੀ ਤੇ ਨਾ਼ਲ ਦੇ ਕਮਰੇ ਵਿਚ ਢੀਂਗਰਾ ਦੇ ਸਾਥੀ ਹੱਲਾ-ਗੁੱਲਾ ਮਚਾ ਰਹੇ ਸਨ। ਤਕਰੀਰ ਵਿਚੇ ਛੱਡ ਕੇ ਸਾਵਰਕਰ ਕਮਰੇ ਵਿਚ ਗਿਆ ਤੇ ਮਦਨ ਨੂੰ ਝਾੜ ਪਾਉਂਦਿਆ ਕਿਹਾ: "What's the matter, Madan? You talk of action and bravery and avoid coming to our weekly meetings. Is this the bravery you keep talking about?" ਮਦਨ ਚੁੱਪ ਚਪੀਤਾ ਉਠਿਆ ਤੇ ਕਮਰੇ 'ਚੋ ਬਾਹਰ ਚਲਾ ਗਿਆ ਅਤੇ ਕਈ ਦਿਨ ਸਾਵਰਕਰ ਨੂੰ ਮੂੰਹ ਨਾ ਦਿਖਾਇਆ।ਹੌਸਲਾ ਕਰਕੇ ਇਕ ਦਿਨ 'ਇੰਡੀਆ ਹਾਊਸ' ਵਿਚ ਗਿਆ ਤੇ ਸਾਵਰਕਰ ਨੂੰ ਘੋਖਣਾ ਚਾਹਿਆ ਕਿ, ਕੀ ਉਹ ਅਜੇ ਵੀ ਗੁੱਸੇ ਹੈ? ਸਾਵਰਕਰ ਇਉਂ ਮਿਲਿਆ ਜਿਵੇਂ ਕੁਝ ਹੋਇਆ ਹੀ ਨਾ ਹੋਵੇ ਅਤੇ ਪਹਿਲੇ ਵਾਲਾ ਮੋਹ ਪਿਆਰ ਜਿਤਾਇਆ। ਮਦਨ ਨੇ ਪੁੱਛਿਆ, 'ਕੀ ਕੁਰਬਾਨੀ ਦੇਣ ਦਾ ਸਮਾਂ ਆ ਗਿਆ ਹ? ਸਾਵਰਕਰ ਨੇ ਕਿਹਾ: If a martyr has made up his mind and is ready, it is generally understood that the time for martyrdom has come."

ਮਦਨ ਲਾਲ ਢੀਂਗਰਾ ਜਾਣ-ਬੁਝ ਕੇ 'ਨੈਸ਼ਨਲ ਇੰਡੀਅਨ ਐਸੋਸੀਏਸ਼' ਦਾ ਮੈਂਬਰ ਬਣ ਗਿਆ। ਇਹ ਐਸੋਸੀਏਸ਼ਨ ਵਿਦਿਆਰਥੀਆਂ ਨੂੰ ਅਤਿਆਚਾਰੀ ਰਾਹ ਤਿਆਗਣ ਦਾ ਪ੍ਰਚਾਰ ਕਰਦੀ ਸੀ। ਇਸ ਦੀਆਂ ਮੀਟਿੰਗਾਂ ਵਿਚ ਉੱਚ-ਪਦਵੀ ਵਾਲੇ ਲੋਕ ਆਇਆ ਕਰਦੇ ਸਨ। ਢੀਂਗਰਾ ਨੇ ਜਾਣ-ਬੁਝ ਕੇ ਸਾਵਰਕਰ ਦੇ ਵਿਰੁੱਧ ਭੰਡੀ ਪ੍ਰਚਾਰ ਸ਼ੁਰੂ ਕਰ ਦਿੱਤਾ ਤਾਂ ਕਿ ਐਸੋਸੀਏਸ਼ਨ ਦੇ ਕਰਮਚਾਰੀਆਂ ਦੀ ਸਵੱਲੀ ਨਜ਼ਰੇ ਚੜ੍ਹ ਸਕੇ। ਉਸ ਨੇ ਐਸੋਸੀਏਸ਼ਨ ਦੀ ਸਕੱਤਰ, ਮਿਸ ਐਮਾ ਜੋਸੇਫੀਨ ਬੈਕ (ਓਮਮਓ ਝੋਸਏਪਹਨਿਏ ਭਏਚਕ), ਦਾ ਭਰੋਸਾ ਜਿੱਤ ਲਿਆ ਤੇ ਮੈਂਬਰ ਬਣ ਗਿਆ। ਬੈਕ ਕੋਲੋਂ ਖਾਸ-ਖਾਸ ਬ੍ਰਿਟਿਸ਼ ਮਹਿਮਾਨਾਂ ਦੀਆਂ ਮੀਟਿੰਗਾਂ ਦੇ ਦਿਨ ਅਤੇ ਸਮੇਂ (ਰਸ,ਓਰਰਸਿ,) ਦੇ ਘਰ ਵਿਚ ਕਿਰਾਏ 'ਤੇ ਰਹਿਣ ਲੱਗ ਪਿਆ। ਏਥੋਂ ਐਸੋਸੀਏਸ਼ਨ ਦੀਆਂ ਮੀਟਿੰਗਾਂ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਉਸ ਨੇ ਲੌਰਡ ਕਰਜ਼ਨ, ਜੋ ਹਿੰਦੋਸਤਾਨ ਦੇ ਵਾਇਸਰਾਇਆਂ ਵਿੱਚੋਂ ਸਭ ਤੋਂ ਵੱਧ ਘੁਮੰਡੀ ਅਤੇ ਹੰਕਾਰੀ ਸੀ, ਨੂੰ ਦੋ ਵਾਰ ਗੋਲੀ ਮਾਰਨ ਦਾ ਯਤਨ ਕੀਤਾ, ਪਰ ਕਿਸਮਤ ਨੇ ਸਾਥ ਨਾ ਦਿੱਤਾ ਤੇ ਉਹ ਬਚ ਗਿਆ। ਢੀਂਗਰਾ ਨੇ ਬੰਗਾਲ ਦੇ ਸਾਬਕਾ ਗਵਰਨਰ, ਬ੍ਰਮਫੀਲਡ ਫੁੱਲਰ ਨੂੰ ਵੀ ਮਾਰਨ ਦਾ ਯਤਨ ਕੀਤਾ, ਪਰ ਕਾਮਯਾਬ ਨਾ ਹੋ ਸਕਿਆ ( Leena Dhingra, 2008).

ਕਰਜ਼ਨ ਵਾਇਲੀ (Curzon Wyllie) ਹਿੰਦੋਸਤਾਨ ਵਿਚ ਕਈ ਉਚ-ਪਦਵੀਆਂ 'ਤੇ ਰਿਹਾ ਸੀ, ਜਿਨ੍ਹਾਂ ਵਿਚੋਂ ਇਕ ਖੁਫੀਆ ਪੁਲਿਸ ਦੇ ਮੁਖੀਆ ਦੀ ਸੀ। ਵਾਇਲੀ ਨੇ ਸਾਵਰਕਰ ਦੇ ਪਿੱਛੇ ਖੁਫੀਆ ਬੰਦੇ ਲਾਏ ਹੋਏ ਸਨ ਜਿਨ੍ਹਾਂ ਵਿਚੋਂ ਇਕ ਦਾ ਨਾਂ ਕਿਰਤੀਕਰ (ਖਰਿਟਕਿਓਰ) ਸੀ ਜੋ ਦੰਦਸਾਜ਼ੀ ਦਾ ਵਿਦਆਰਥੀ ਹੋਣ ਦਾ ਢੌਂਗ ਕਰਦਾ ਸੀ। ਸਾਵਰਕਰ ਨੂੰ ਕਿਰਤੀਕਰ ਦਾ ਪਤਾ ਲੱਗ ਗਿਆ, ਜਦ ਧਮਕਾਇਆ ਤਾਂ ਉਸ ਨੇ ਸਾਰਾ ਭੇਤ ਉਗਲ ਦਿੱਤਾ।

ਕਰਜ਼ਨ ਵਾਇਲੀ ਨੂੰ ਕੁੰਦਨ ਲਾਲ ਢੀਂਗਰਾ (ਮਦਨ ਲਾਲ ਢੀਂਗਰਾ ਦਾ ਵੱਡਾ ਭਾਈ) ਨੇ ਖਤ ਲਿਖ ਕੇ ਮਦਨ ਢੀਂਗਰਾ ਨੂੰ ਮਿਲਣ ਲਈ ਕਿਹਾ। ਸ਼ਾਇਦ ਖਤ ਵਿਚ ਮਦਨ ਨੂੰ ਸਮਝਾਉਣ ਬਾਰੇ ਲਿਖਿਆ ਹੋਵੇ। 13 ਅਪ੍ਰੈਲ 1909 ਨੂੰ ਵਾਇਲੀ ਨੇ ਢੀਂਗਰੇ ਨੂੰ ਮਿਲਣ ਲਈ ਖਤ ਲਿਖਿਆ। ਢੀਂਗਰੇ ਨੇ ਖਤ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਹਾਂ ਕਰ ਦਿੱਤੀ। 1 ਜੁਲਾਈ 1909 ਨੂੰ 'ਨੈਸ਼ਨਲ ਇੰਡੀਅਨ ਐਸੋਸੀਏਸ਼ਨ' ਦੀ ਮੀਟਿੰਗ ਵਿਚ ਭਾਗ ਲੈਣ ਲਈ ਉੱਘੇ ਅਤੇ ਨਾਮਵਰ ਹਿੰਦੋਸਤਾਨੀ ਅਤੇ ਗੋਰੇ ਆਏ ਜਿਨ੍ਹਾਂ ਵਿਚ ਕਰਜ਼ਨ ਵਾਇਲੀ ਵੀ ਸੀ। ਇਹ ਮੀਟੰਗ ਇੰਪੀਰੀਅਲ ਇਨਸਟੀਚਿਊਟ ਦੇ 'ਜਹਾਂਗੀਰ ਹਾਲ' ਦੀ ਪਹਿਲੀ ਮੰਜ਼ਿਲ ਵਿਚ ਹੋਣੀ ਸੀ। ਢੀਂਗਰਾ ਨੇ ਮੀਟਿੰਗ ਵਿਚ ਜਾਣ ਤੋਂ ਪਹਿਲਾਂ, ਸਾਵਰਕਰ ਨਾਲ ਵਾਇਲੀ ਦਾ ਕਤਲ ਕਰਨ ਬਾਰੇ ਸਾਰੀ ਸਕੀਮ ਸਾਂਝੀ ਕੀਤੀ। ਦੋਵੇਂ ਜਣੇ ਬੜੇ ਪਿਆਰ ਨਾਲ ਮਿਲੇ ਤੇ ਕਾਫੀ ਚਿਰ ਗੱਲਾਂ ਕਰਦੇ ਰਹੇ। ਢੀਂਗਰਾ ਚੜ੍ਹਦੀ ਕਲਾ ਵਿਚ ਸੀ, ਨਾ ਮੱਥੇ 'ਤੇ ਚਿੰਤਾ ਦੀ ਤਿਊੜੀ ਤੇ ਨਾ ਦਿਲ ਵਿਚ ਕੋਈ ਡਰ। ਢੀਂਗਰੇ ਨੂੰ ਸਾਵਰਕਰ ਨੇ ਟਾਈਪ ਕਰਾ ਕੇ ਇਕ ਬਿਆਨ ਜ਼ੁਬਾਨੀ ਯਾਦ ਕਰਨ ਲਈ ਦਿਤਾ, ਜੋ ਉਸ ਨੇ ਵਾਇਲੀ ਦਾ ਕਤਲ ਕਰਨ ਤੋਂ ਬਾਅਦ ਦੇਣਾ ਸੀ। ਉਸ ਨੇ ਢੀਂਗਰੇ ਨੂੰ ਬੈਲਜੀਅਮ ਦਾ ਬਣਿਆ ਪਿਸਤੌਲ ਥਮਾ ਕੇ ਵਿਛੜਨ ਵੇਲੇ ਬੜੇ ਮੋਹ ਪਿਆਰ ਨਾਲ ਕਿਹਾ, 'ਜੇ ਤੂੰ ਇਸ ਵਾਰ ਆਪਣੇ ਮਕਸਦ ਵਿਚ ਕਾਮਯਾਬ ਨਾ ਹੋਇਆ ਤਾਂ ਦੁਬਾਰਾ ਮੈਨੂੰ ਆਪਣਾ ਮੂੰਹ ਨਾ ਦਿਖਾਈਂ' [Datta, 1978). ਢੀਂਗਰੇ ਨੇ ਬੁੱਲਾਂ ਵਿਚ ਮੁਸਕਰਾਉਂਦਿਆਂ ਕਿਹਾ, 'ਇਸ ਵਾਰ ਅਜਿਹਾ ਨਹੀਂ ਹੋਵੇਗਾ'। ਢੀਂਗਰੇ ਨੇ ਸੁਵੱਖਤੇ ਛਾਹ ਵੇਲਾ ਕੀਤਾ ਅਤੇ ਬਾਅਦ ਦੁਪਹਿਰ ਚਾਹ ਪੀ ਕੇ 2:00 ਵਜੇ ਘਰੋਂ ਨਿਕਲ ਪਿਆ। ਰਾਹ ਵਿਚ ਚਮੜੇ ਦੇ ਖੋਲ ਵਾਲਾ ਨਵਾਂ ਛੁਰਾ ਖਰੀਦਿਆ। 'ਸ਼ੂਟਿੰਗ ਰੇਂਜ' ਤੇ ਜਾ ਕੇ ਅਭਿਆਸ ਵਜੋਂ 12 ਗੋਲੀਆਂ ਚਲਾਈਆਂ ਜਿਨ੍ਹਾਂ 'ਚੋ 11 ਐਨ੍ਹ ਨਿਸ਼ਾਨੇ 'ਤੇ ਵੱਜੀਆਂ। ਘਰ ਮੁੜ ਕੇ ਪਿਸਤੌਲ ਸਾਫ ਕੀਤਾ। ਸ਼ਾਮ ਦੇ 7:00 ਵਜੇ ਲੰਬਾ ਕੋਟ ਪਹਿਨਿਆ ਤੇ ਸਿਰ ਤੇ ਨੀਲੇ ਰੰਗ ਦੀ ਪਗੜੀ ਬੰਨ੍ਹੀਂ। ਪਿਸਤੌ਼ਲ ਭਰਿਆ ਤੇ ਕੋਟ ਦੀ ਸੱਜੀ ਜੇਬ ਵਿਚ ਪਾ ਲਿਆ। ਇਕ-ਇਕ ਪਿਸਤੌਲ ਦੂਜੀਆਂ ਦੋ ਜੇਬਾਂ ਵਿਚ ਪਾ ਲਏ। ਛੁਰਾ ਵੈਸਟ ਦੀ ਜੇਬ ਵਿਚ ਪਾ ਲਆ। ਜੋ ਬਿਆਨ ਸਾਵਰਕਰ ਨੇ ਟਾਈਪ ਕਰਵਾ ਕੇ ਦਿੱਤਾ ਸੀ, ਉਸ ਨੂੰ ਪੈਨਸਲ ਨਾਲ ਕਾਗਜ਼ 'ਤੇ ਲਿਖ ਕੇ ਕੋਟ ਦੀ ਅੰਦਰਲੀ ਜੇਬ ਵਿਚ ਪਾ ਲਿਆ ਅਤੇ ਨਾਲ ਅਖਬਾਰਾਂ ਦੀਆਂ ਕੁਝ ਕਾਤਰਾਂ ਪਾ ਲਈਆਂ। ਜੇਬ ਵਿਚ ਭਾੜੇ ਲਈ 12 ਸ਼ਲਿੰਗ ਪਾ ਕੇ ਟੈਕਸੀ ਸੱਦੀ ਤੇ ਮੀਟਿੰਗ ਵਾਸਤੇ ਰਵਾਨਾ ਹੋ ਗਿਆ।



### ਵਾਇਲੀ ਦਾ ਕਤਲ

ਪਹਿਲੀ ਜੁਲਾਈ 1909 ਨੂੰ ਢੀਂਗਰਾ ਮਿਥੀ ਹੋਈ ਸਕੀਮ ਅਨੁਸਾਰ ਇਨਸਟੀਚਿਊਟ ਪਹੁੰਚਿਆ। ਮੰਦੇ ਭਾਗਾਂ ਨੂੰ ਜਾਂਦਾ ਹੋਇਆ ਮੀਟਿੰਗ ਲਈ ਸੱਦਾ-ਪਤਰ ਦਾ ਕਾਰਡ ਭੁੱਲ ਗਿਆ। ਸਹਾਇਕ ਮੈਂਬਰ ਹੋਣ ਦੇ ਨਾਤੇ, ਸਕੱਤਰ ਐਮਾ ਜੋਸੇਫੀਨ ਬੈਕ ਦੀ ਮਦਦ ਨਾਲ ਯਾਤਰੀ-ਰਜਿਸਟਰ ਤੇ ਦਸਤਖਤ ਕਰਕੇ ਅੰਦਰ ਦਾਖਲ ਹੋ ਗਿਆ। ਮੀਟਿੰਗ ਖਤਮ ਹੋਣ ਉਪਰੰਤ ਕਰਜ਼ਨ ਵਾਇਲੀ ਜਾਣ ਲੱਗਾ ਤਾਂ ਢੀਂਗਰਾ ਨੱਠ ਕੇ ਅੱਗੇ ਹੋ ਕੇ ਕਹਿਣ ਲੱਗਾ, 'ਤੁਸੀਂ ਮੇਰੇ ਭਰਾ ਦੇ ਖਤ ਬਾਰੇ ਕੋਈ ਗੱਲ ਕਰਨੀ ਸੀ'! ਦੋਵੇਂ ਹਾਲ ਤੋਂ ਬਾਹਰ ਆ ਗਏ ਤੇ ਢੀਂਗਰੇ ਨੇ ਧੀਮੀ ਆਵਾਜ਼ ਵਿਚ ਕੁਝ ਕਿਹਾ। ਵਾਇਲੀ ਨੇ ਸੁਣਨ ਲਈ ਕੰਨ ਉਸ ਦੇ ਮੂੰਹ ਲਾਗੇ ਕਰ ਦਿੱਤਾ। ਢੀਂਗਰੇ ਨੇ ਹੌਲੀ ਦੇਣੀ ਸੱਜੀ ਜੇਬ 'ਚੋ ਪਿਸਤੌਲ ਕੱਢਿਆ ਅਤੇ ਯਕਦਮ ਦੋ ਗੋਲੀਆਂ ਵਾਇਲੀ ਦੇ ਸੀਨੇ ਵਿਚ ਦਾਗ ਦਿੱਤੀਆਂ। ਵਾਇਲੀ ਜ਼ਰਾ ਘੁੰਮਿਆਂ ਤੇ ਢੀਂਗਰੇ ਨੇ ਦੋ ਗੋਲੀਆਂ ਹੋਰ ਮਾਰ ਦਿੱਤੀਆਂ। ਲਾਗੇ ਖੜਾ ਇਕ ਪਾਰਸੀ ਡਾਕਟਰ, ਕਾਵਸ ਲਾਲਕਾਕਾ (Cawas Lalkaka) ਨੇ ਦੋਹਾਂ ਵਿਚਕਾਰ ਆਉਣ ਦੀ ਕੋਸ਼ਿਸ਼ ਕੀਤੀ ਤਾਂ ਢੀਂਗਰਾ ਨੇ ਉਸ 'ਤੇ ਵੀ ਗੋਲੀ ਚਲਾ ਦਿੱਤੀ । ਮਦਨ ਲਾਲਾ ਢੀਂਗਰਾ ਨੇ ਆਪਣੇ ਗੋਲੀ ਮਾਰਨੀ ਚਾਹੀ ਪਰ ਲੋਕਾਂ ਨੇ ਢਾਹ ਲਿਆ। ਉਸ ਨੇ ਹੱਥੋਪਾਈ ਹੋ ਕੇ ਛੁੱਟਣ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਾ ਹੋ ਸਕਿਆ। ਉਸ ਦੀਆਂ ਜੇਬਾਂ 'ਚੋ ਪਿਸਤੌਲ ਕੱਢਣ ਉਪਰੰਤ ਬੰਦੀ ਬਣਾਉਣ ਵਾਲੇ ਲੋਕਾਂ ਨੂੰ ਸਾਹ ਆਇਆ। ਜ਼ੋਰਾਜ਼ੋਰੀ ਦੌਰਾਨ ਢੀਂਗਰੇ ਦੀਆਂ ਐਨਕਾਂ ਡਿਗ ਪਈਆਂ। ਉਸ ਨੇ ਬੜੇ ਸਹਿਜ ਨਾਲ ਐਨਕਾਂ ਫੜਾਉਣ ਲਈ ਕਿਹਾ। ਪੁਲਿਸ ਨੇ ਹਿਰਾਸਤ ਵਿਚ ਲੈਂਦਿਆਂ ਪੁੱਛਿਆ 'ਤੂੰ ਚਾਹੁੰਦੈਂ ਅਸੀਂ ਤੇਰੇ ਕਿਸੇ ਦੋਸਤ ਨੂੰ ਗ੍ਰਿਫਤਾਰੀ ਬਾਰੇ ਖਬਰ ਦਈਏ'। ਢੀਂਗਰੇ ਨੇ ਬੜੀ ਹੁਸ਼ਿਆਰੀ ਨਾਲ ਕਿਹਾ, 'ਕੋਈ ਲੋੜ ਨਹੀਂ, ਉਨ੍ਹਾਂ ਨੂੰ ਮੇਰੀ ਗ੍ਰਿਫਤਾਰੀ ਬਾਰੇ ਕਲ੍ਹ ਦੇ ਅਖਬਾਰਾਂ ਤੋਂ ਪਤਾ ਲੱਗ ਜਾਏਗਾ'। ਪੁਲਿਸ ਸ਼ੈਤਾਨੀ ਨਾਲ ਉਸ ਦੇ ਦੋਸਤਾਂ ਬਾਰੇ ਜਾਨਣਾ ਚਾਹੁੰਦੀ ਸੀ। ਢੀਂਗਰਾ ਨੂੰ ਵਾਲਟਨ ਦੇ ਪੁਲਿਸ ਠਾਣੇ ਵਿਚ ਲਿਜਾਇਆ ਗਿਆ। ਦੂਜੇ ਦਿਨ ਬ੍ਰਿਟਿਸ਼ ਪ੍ਰੈਸ ਨੇ ਵਾਇਲੀ ਦੀ ਮੌਤ ਦੀ ਖਬਰ ਛਾਪੀ ਅਤੇ ਨਾਲ ਹੀ ਢੀਂਗਰਾ ਦੇ ਵਿਰੁੱਧ ਜ਼ਹਿਰ ਉਗਲੀ।(Dhingra, Leena. 2008).

### ਮੁਕੱਦਮਾ

ਮਦਨ ਲਾਲਾ ਢੀਂਗਰਾ ਦਾ ਮੁਕੱਦਮਾ ਕੈਨਸਿੰਗਟਨ ਟਾਊਨ ਹਾਲ ਵਿਚ ਮਿਸਟਰ ਸ੍ਹੀ ਲੱਕਸਮੂਰ ਡਰਿਊ (ਛ. ਲ਼ੁਣਮੋਰਏ ਧਰਏਾ) ਸਾਹਮਣੇ ਸੁਣਿਆ ਗਿਆ। ਢੀਂਗਰਾ ਨੇ ਕਾਰਵਾਈ ਵਿਚ ਹਿੱਸਾ ਲੈਣ ਤੋਂ ਨਾਂਹ ਕਰ ਦਿੱਤੀ। ਓਥੇ ਸਾਬਕਾ ਮਿਲਟਰੀ ਅਫਸਰ ਗਵਾਹ, ਕੈਪਟਨ ਚਾਰਲਜ਼ ਰੋਲੈਰਟੰਨ, ਗਵਾਹ ਵਜੋਂ ਹਾਜ਼ਰ ਸੀ। ਉਨੀਂਦੇ ਕਰਕੇ ਢੀਂਗਰੇ ਦੀਆਂ ਗਹਿਰੀਆਂ ਅੱਖਾਂ ਵਲ ਦੇਖ ਕੇ ਉਸ ਨੇ ਰਾਏ ਜ਼ਾਹਿਰ ਕੀਤੀ ਕਿ ਸ਼ਾਇਦ ਕਤਲ ਵੇਲੇ ਉਸ ਨੇ ਭੰਗ ਪੀਤੀ ਹੋਈ ਹੋਵੇ। ਹਿੰਦੋਸਤਨੀ ਕੋਈ ਅਜਿਹੀ ਵਾਰਦਾਤ ਕਰਨ ਤੋਂ ਪਹਿਲਾਂ ਅਕਸਰ ਭੰਗ ਪੀ ਲੈਂਦੇ ਹਨ। ਮਿਸਟਰ ਡਰਿਊ ਨੇ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਦੀ ਸਕੱਤਰ, ਮਿਸ ਬੈਕ, ਤੋਂ ਪੁੱਛਿਆ, 'ਕੀ ਉਸ ਨੂੰ ਲੱਗਿਆ ਕਿ ਢੀਂਗਰਾ ਨੇ ਨਸ਼ਾ ਕੀਤਾ ਹੋਇਆ ਸੀ'? ਉਸ ਨੇ ਕਿਹਾ, 'ਨਹੀਂ, ਬੜਾ ਸਾਧਾਰਨ ਜਿਹਾ ਸ਼ਾਂਤ ਚਿੱਤ ਸੀ'। ਢੀਂਗਰਾ ਦੀ ਕਿਰਾਏ ਵਾਲੀ ਲੇਡੀ, ਸ਼੍ਰੀਮਤੀ ਹੈਰਸ, ਨੇ ਵੀ ਦੱਸਿਆ ਕਿ ਉਹ ਕੋਈ ਨਸ਼ਾ-ਪੱਤਾ ਨਹੀਂ ਕਰਦਾ ਸੀ। ਕਤਲ ਵਾਲੀ ਥਾਂ 'ਤੇ ਪੁੱਜਣ ਵਾਲੇ ਡਾਕਟਰ, ਜੌਨ੍ਹ ਬੁਕਾਨਿੰਨ ਨੇ ਵੀ ਢੀਂਗਰਾ ਨੂੰ ਕਿਸੇ ਡਰੱਗ ਦੇ ਪ੍ਰਭਾਵ ਹੇਠ ਨਹੀਂ ਪਾਇਆ ਅਤੇ ਉਹ ਭੀੜ ਵਿਚੋਂ ਸਭ ਨਾਲੋਂ ਵੱਧ ਸ਼ਾਂਤ ਚਿੱਤ ਸੀ। ਮਾਨਸਿਕ ਰੋਗਾਂ ਦੇ ਮਾਹਿਰ ਦੇ ਟੈਸਟਾਂ ਤੋਂ ਢੀਂਗਰਾ ਬਿਲਕੁਲ ਨਿਰੋਗ ਜਾਪਿਆ। ਤਫਤੀਸ਼ ਕਰ ਰਹੇ ਮਿਸਟਰ ਟਰਾਊਟਬੈਕ ਸਾਹਮਣੇ ਢੀਂਗਰਾ ਨੇ ਕਿਹਾ ਕਿ ਉਸ ਨੂੰ ਮਿਸਟਰ ਲਾਲਕਾਰਾ ਦੇ ਮਰਨ ਦਾ ਬਹੁਤ ਅਫਸੋਸ ਹੈ। ਜੇ ਉਹ ਵਿਚ ਨਾ ਆਉਂਦਾ ਤਾਂ ਮਾਰਿਆ ਨਾ ਜਾਂਦਾ।

ਮਦਨ ਲਾਲ ਢੀਂਗਰਾ ਨੂੰ ਵੈਸਟਮਨਿਸਟਰ ਪੁਲਿਸ-ਕੋਰਟ ਵਿਚ ਮੈਜਿਸਟ੍ਰੇਟ, ਮਿਸਟਰ ਹੋਰਸ ਸਮਿੱਥ ਦੇ ਸਾਹਮਣੇ ਪੇਸ਼ ਕੀਤਾ ਗਿਆ। ਢੀਂਗਰੇ ਨੇ ਪੈਂਦੀ ਸੱਟੇ ਕਿਹਾ, 'ਮੈਂ ਤਰਸ ਲਈ ਅਪੀਲ ਨਹੀਂ ਕਰਨਾ ਚਾਹੁੰਦਾ ਤੇ ਨਾ ਹੀ ਮੈਂ ਤੁਹਾਡੀ ਅਦਾਲਤ ਦੇ ਅਧਿਕਾਰ ਨੂੰ ਮੰਨਦਾ ਹਾਂ'। ਉਸ ਨੇ ਅਦਾਲਤ ਨੂੰ ਸਵਾਲ ਕੀਤਾ 'ਜੇ ਇੰਗਲੈਂਡ ਅੁੱਤੇ ਜਰਮਨ ਨੂੰ ਰਾਜ ਕਰਨ ਦਾ ਹੱਕ ਨਹੀਂ, ਤਾਂ ਬ੍ਰਿਟਿਸ਼ ਨੂੰ ਹਿੰਦੋਸਤਾਨ ਉੱਤੇ ਰਾਜ ਕਰਨ ਦਾ ਕੀ ਹੱਕ ਹੈ?' (Dhingra, Leena. 2008).

ਅਖੀਰਲੇ ਦਿਨਾਂ ਵਿਚ ਮਦਨ ਲਾਲ ਢੀਂਗਰੇ ਨੇ ਖਤ ਲਿਖਿਆ ਕਿ ਉਸ ਦਾ ਸਾਮਾਨ ਨਿਤਿਨਸੇਨ ਦਵਾਰਕਾਦਾਸ ਨੂੰ ਸੌਂਪਿਆ ਜਾਵੇ। ਖਤ ਵਿਚ ਲਿਖਿਆ ਸੀ ਕਿ ਉਸ ਦੀਆਂ ਕਿਤਾਬਾਂ, ਕੱਪੜੇ ਅਤੇ ਹੋਰ ਸਾਮਾਨ ਵੇਚ ਕੇ ਬਣਦੀ ਰਕਮ 'ਨੈਸ਼ਨਲ ਫੰਡ' ਨੂੰ ਦਿੱਤੀ ਜਾਵੇ। ਪਰ ਸਭ ਕੁਝ ਲੰਡਨ ਦੀ ਮੈਟ੍ਰੋਪੌਲੀਟਨ ਪੁਲਿਸ ਨੇ ਜਬਤ ਕਰ ਲਿਆ ਸੀ। ਦੋ ਟਰੰਕ ਮੁੱਖ ਇਨਸਪੈਕਟਰ, ਮਕ-'ਰਥੀ, ਨੇ ਕਬਜ਼ੇ ਵਿਚ ਕਰ ਲਏ ਸਨ। 31 ਦਸੰਬਰ 1909 ਨੂੰ ਢੀਂਗਰਾ ਦਾ ਮੁਕੱਦਮਾ ਬੋ ਸਟਰੀਟ ਦੀ ਕਚਹਿਰੀ ਵਿਚ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਹੋਇਆ। ਅਦਾਲਤ ਨੇ ਦੱਸਿਆ ਕਿ ਢੀਂਗਰਾ ਨੇ ਕੋਈ ਵਸੀਅਤ ਨਹੀਂ ਲਿਖੀ ਇਸ ਲਈ ਪੁਲਿਸ ਲਈ ਜ਼ਰੂਰੀ ਨਹੀਂ ਕਿ ਉਸ ਦਾ ਸਾਮਾਨ ਨਿਤਿਨਸੇਨ ਨੂੰ (ਲੰਡਨ ਟਾਇਮਜ਼, ਜਨਵਰੀ 1910) ਦਿੱਤਾ ਜਾਵੇ।

5 ਜੁਲਾਈ 1909 ਨੂੰ ਢੀਂਗਰੇ ਦੀ ਕਾਰਵਾਈ ਦੀ ਨਿੰਦਿਆ ਕਰਨ ਲਈ ਕੈਕਸਟਨ ਹਾਲ ਵਿਚ ਮੀ-ਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਆਗਾ ਖਾਨ ਨੇ ਕੀਤੀ, ਨਿੰਦਿਆ ਦਾ ਮਤਾ ਭਵਨਾਗਰੀ ਨੇ ਪੇਸ਼ ਕੀਤਾ ਤੇ ਅਮੀਰ ਅਲੀ ਨੇ ਤਾਈਦ ਕੀਤੀ। ਮਤੇ ਨੂੰ ਪਾਸ ਕਰਨ ਲਈ ਲੋਕਾਂ ਨੂੰ ਹੱਥ ਖੜੇ ਕਰਨ ਲਈ ਕਿਹਾ, ਮਤਾ ਸਰਵਸੰਮਤੀ ਨਾਲ ਪਾਸ ਹੋ ਗਿਆ। ਐਨੇ ਨੂੰ ਸਾਵਰਕਰ ਉੱਠਿਆ ਤੇ ਬੋਲਿਆ, 'ਸਰਵਸੰਮਤੀ ਨਾਲ ਨਹੀਂ, ਮੈਂ ਮਤੇ ਦੇ ਵਿਰੁਧ ਹਾਂ*। ਰੌਲਾ ਪੈ ਗਿਆ, ਭਵਨਾਗਰੀ ਅੱਗ ਭਗੋਲਾ ਹੋ ਗਿਆ ਅਤੇ ਸਾਵਰਕਰ ਨੂੰ ਧੱਕੇ ਮਾਰ ਕੇ ਬਾਹਰ ਕੱਢਣਾ ਚਾਹਿਆ। ਪਾਮਰ ਨਾਮੀਂ ਮੈਂਬਰ ਨੇ ਸਾਵਰਕਰ ਦੀ ਅੱਖ ਤੇ ਮੁੱਕਾ ਮਾਰਿਆ ਤਾਂ ਲਹੂ ਵਗਣ ਲੱਗ ਪਿਆ। ਸਾਵਰਕਰ ਦੁਬਾਰਾ ਬੋਲਿਆਂ, 'ਮੈਂ ਮਤੇ ਦੀ ਵਿਰੋਧਤਾ ਕਰਦਾ ਹਾਂ'। ਸਾਵਰਕਰ ਦੇ ਦੋਸਤ, ਆ-ਚਾਰੀਆ, ਨੇ ਪਾਮਰ ਨੂੰ ਸੋਟੀ ਕੱਢ ਮਾਰੀ। ਸੁਰਿੰਦਨਾਥ ਬੈਨਰਜੀ ਨੇ ਕਿਹਾ ਕਿ ਸਾਵਰਕਰ ਨੂੰ ਮਤੇ ਦਾ ਵਿਰੋਧ ਕਰਨ ਦਾ ਪੂਰਾ ਹੱਕ ਹੈ, ਉਸ ਦੇ ਹਮਲਾ ਕਰਨਾ ਘਿਨੌਣੀ ਹਰਕਤ ਹੈ। ਐਨੇ ਨੂੰ ਪੁਲਿਸ ਆ ਗਈ ਤੇ ਮੀਟਿੰਗ ਬਰਖਾਸਤ ਕਰ ਦਿੱਤੀ। ਸਾਵਰਕਰ ਨੇ 'ਟਾਇਮਜ਼' ਅਖਬਾਰ ਨੂੰ ਖਤ ਲਿਖਆ, ਜੋ 6 ਜੁਲਾਈ 1909 ਨੂੰ ਛਪਿਆ। ਇਸ ਖਤ ਵਿਚ ਕਿਹਾ, 'ਮੁਕੱਦਮਾ ਅਜੇ ਕਚਹਿਰੀ ਵਿਚ ਹੈ, ਇਸ ਨੂੰ ਲੋਕਾਂ ਵਿਚ ਵਿਚਾਰਨਾ ਤੇ 'ਜੁਰਮ' ਤੇ 'ਜੁਰਮੀ' ਵਰਗੇ ਸ਼ਬਦਾਂ ਦਾ ਪ੍ਰਯੋਗ ਕਰਨਾ ਅਦਾਲਤ ਦੀ ਤੌਹੀਨ ਹੈ'।

ਕਰਜ਼ਨ ਵਾਇਲੀ ਦੇ ਕਤਲ ਵੇਲੇ ਢੀਂਗਰੇ ਦਾ ਵੱਡਾ ਭਾਈ ਭਜਨ ਲਾਲ ਢੀਂਗਰਾ ਲੰਡਨ ਵਿਚ ਕਾਨੂੰਨ ਦੀ ਪੜ੍ਹਾਈ ਕਰ ਰਿਹਾ ਸੀ। ਕਤਲ ਤੋਂ ਚਾਰ ਦਿਨ ਬਾਅਦ ਢੀਂਗਰੇ ਦੀ ਕਾਰਵਾਈ ਨੂੰ ਭੰਡਣ ਲਈ ਜਨਤਕ ਮੀਟਿੰਗ ਹੋਈ ਜਿਸ ਵਿਚ ਉਸ ਦੇ ਭਰਾ ਨੇ ਭਾਗ ਲਿਆ। ਮਦਨ ਲਾਲਾ ਢੀਂਗਰਾ ਨੂੰ ਬ੍ਰਿਕਸਟਨ (ਭਰਣਿਟੋਨ) ਜੇਲ੍ਹ ਵਿਚ ਰੱਖਿਆ ਹੋਇਆ ਸੀ। ਉਸ ਦਾ ਭਾਈ ਨੇ ਢੀਂਗਰੇ ਨੂੰ ਮਿਲਣ ਗਿਆ, ਉਸ ਨੇ ਮਿਲਣੋ ਨਾਂਹ ਕਰ ਦਿੱਤੀ। ਢੀਂਗਰੇ ਦੀ ਫਾਂਸੀ ਤੋਂ ਛੇਤੀ ਬਾਅਦ ਉਸ ਦੇ ਭਰਾ ਨੇ ਆਪਣੇ ਨਾਂ ਨਾਲ 'ਢੀਂਗਰਾ' ਲਿਖਣਾ ਬੰਦ ਕਰ ਦਿੱਤਾ। ਸਾਵਰਕਰ ਵੀ ਢੀਂਗਰੇ ਨੂੰ ਮਿਲਣ ਗਿਆ ਤੇ ਉਸ ਨੇ ਕਿਹਾ 'ਮੈਂ ਤੇਰੇ ਦਰਸ਼ਨ ਕਰਨ ਆਇਆ ਹਾਂ'। ਇਕ ਦੂਜੇ ਨੂੰ ਦੇਖ ਕੇ ਦੋਵੋਂ ਬਹੁਤ ਖੁਸ਼ ਹੋਏ।

### ਹਮਦਰਦੀ

ਮਦਨ ਲਾਲ ਢੀਂਗਰਾ ਦੀ ਬੇਖੌਫ ਵਤਨਪ੍ਰਸਤੀ ਨੂੰ ਦੇਖ ਕੇ ਕੁੱਝ ਗੋਰਿਆਂ ਨੇ ਹਮਦਰਦੀ ਦਿਖਾਈ ਤੇ ਉਸ 'ਤੇ ਰਹਿਮ ਕਰਨ ਦੀ ਮੰਗ ਉਠਾਈ। ਇਨ੍ਹਾਂ ਵਿੱਚੋਂ ਇਕ 'ਰੀਵਿਊ ਔਫ ਰੀਵਿਊਜ਼' ਦਾ ਸੰਪਾਦਕ, ਡਵਲਯੂ ਟੀ਼ ਸਟਿੱਡ ਸੀ ਜੋ ਸਾਵਰਕਰ ਦਾ ਹਮਾਇਤੀ ਅਤੇ ਹਿੰਦੋਸਤਾਨ ਦੀ ਆਜ਼ਾਦੀ ਦੀ ਹਾਮੀ ਭਰਦਾ ਸੀ। ਉਸ ਨੇ 25 ਜੁਲਾਈ 1909 ਦੇ 'ਆਬਜਰਬਰ' ਅਖਬਾਰ ਵਿਚ

(ਬਾਕੀ ਸਫਾ 17 'ਤੇ)

# ਨਾਗਰਿਕਤਾ ਸੋਧ ਐਕਟ ਅਤੇ ਦਲਿਤਾਂ ਤੇ ਪ੍ਰਭਾਵ



ਐਸ.ਆਰ. ਲੱਧੜ
ਆਈ.ਏ.ਐਸ. (ਰਿਟਾ.)
91-94175-00610

ਭਾਰਤ ਸਰਕਾਰ, ਦੇਸ਼ ਦੀ ਪਾਰਲੀਮੈਂਟ ਨੇ ਦਸੰਬਰ 12, 2019 ਨੂੰ ਨਾਗਰਿਕਤਾ ਸੋਧ ਐਕਟ-2019 ਪਾਸ ਕਰਕੇ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ।। ਇਹ ਐਕਟ ਨਾਗਰਿਕਤਾ ਐਕਟ, 1955 ਵਿੱਚ ਸੋਧ ਕਰਕੇ ਪਾਸ ਕੀਤਾ ਗਿਆ। ਨਾਗਰਿਕਤਾ ਕਾਨੂੰਨ ਸੋਧ ਐਕਟ, 2019 ਮੁਤਾਬਿਕ, ਪਾਕਿਸਤਾਨ, ਬੰਗਲਾ ਦੇਸ਼ ਜਾਂ ਅਫਗਾਨਿਸਤਾਨ ਦੇਸ਼ਾਂ ਵਿੱਚੋਂ ਜੋ ਵੀ ਸਿੱਖ, ਹਿੰਦੂ, ਬੋਧੀ, ਜੈਨ, ਪਾਰਸੀ ਜਾਂ ਈਸਾਈ ਧਰਮ ਨਾਲ ਸਬੰਧਤ ਵਿਅਕਤੀ, ਜੋ ਦਸੰਬਰ 31, 2014 ਤੋਂ ਪਹਿਲਾਂ ਭਾਰਤ ਦੇਸ਼ ਆਇਆ ਹੋਵੇ, ਜੋ ਪਾਸਪੋਰਟ ਐਕਟ 1920 ਜਾਂ ਵਿਦੇਸ਼ੀ ਐਕਟ 1946 ਜਾਂ ਕਿਸੇ ਹੋਰ ਰੂਲ ਕਾਰਨ ਭਾਰਤ ਵਿੱਚ ਨਾਗਰਿਕਤਾ ਲੈਣ ਲਈ ਯੋਗ ਹੋਵੇ, ਅਜਿਹਾ ਵਿਅਕਤੀ ਨਵੇਂ ਐਕਟ ਤਹਿਤ ਘੁਸਪੈਠੀਆ (Illegal migrant) ਕਰਾਰ ਨਹੀਂ ਦਿੱਤਾ ਜਾਵੇਗਾ। ਅਜਿਹੇ ਵਿਅਕਤੀ ਨੂੰ ਨਾਗਰਿਕਤਾ ਦੇਣ ਸਬੰਧੀ ਉਸ ਦੀ ਭਾਰਤ ਵਿੱਚ ਠਹਿਰ ਗਿਆਰਾਂ ਸਾਲ ਦੀ ਬਿਜਾਏ ਪੰਜ ਸਾਲ ਪੜ੍ਹੀ ਜਾਵੇ। ਭਾਵ ਇਹ ਕਿ ਪਾਸਪੋਰਟ ਐਕਟ, 1920 ਜਾਂ ਵਿਦੇਸ਼ੀ ਐਕਟ, 1946 ਤੋਂ ਪਹਿਲਾਂ ਤਾਂ ਬੰਗਲਾ ਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਅੰਗਰੇਜਾਂ ਦੇ ਅਧੀਨ ਸਨ, ਕਿਸੇ ਨੂੰ ਵੀ ਪਾਸਪੋਰਟ ਜਾਂ ਵੀਜ਼ਾ ਲੈਣ ਦੀ ਲੋੜ ਨਹੀਂ ਸੀ, ਉਹੀ ਹਾਲਤ ਅੱਜ ਭਾਰਤ ਦੀ ਅਜਾਦੀ ਦੇ 73 ਸਾਲ ਬਾਅਦ ਵੀ ਬੰਗਲਾ ਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਬਸ਼ਿੰਦਿਆਂ ਲਈ ਨਵੇਂ ਐਕਟ ਅਧੀਨ ਛੋਟ ਦਿੱਤੀ ਗਈ ਹੈ। ਹੁਣ ਸੋਚਣ ਵਾਲਾ ਵਿਸਾ ਇਹ ਹੈ ਕਿ ਮੁਸਲਮਾਨ ਵਿਅਕਤੀ ਜੇਕਰ ਇਨ੍ਹਾਂ ਤਿੰਨ ਮੁਲਕਾਂ ਵਿੱਚੋਂ ਆ ਕੇ ਭਾਰਤ ਦੇ ਨਾਗਰਿਕ ਬਣਨਾ ਚਾਹੁਣ ਤਾਂ ਬਣ ਸਕਦੇ ਹਨ? ਨਵੇਂ ਐਕਟ ਮੁਤਾਬਿਕ ਨਹੀਂ।

ਦੂਸਰਾ ਸਵਾਲ ਇਹ ਹੈ ਕਿ ਪਾਕਿਸਤਾਨ ਵਿੱਚ ਰਹਿੰਦੇ ਅਹਿਮਦੀਆ ਮੁਸਲਮਾਨ ਜਿਨ੍ਹਾਂ ਨੂੰ ਪਾਕਿਸਤਾਨ ਦੇ ਲੋਕ ਮੁਸਲਮਾਨ ਹੀ ਨਹੀਂ ਸਮਝਦੇ, ਜਿਨ੍ਹਾਂ ਦੀਆਂ ਪ੍ਰਤਾੜਨਾ ਦੀਆਂ ਖਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ, ਕੀ ਉਹ ਨਵੇਂ ਐਕਟ ਤਹਿਤ ਭਾਰਤ ਦੇ ਨਾਗਰਿਕ ਬਣ ਸਕਦੇ ਹਨ ? ਜਵਾਬ ਹੈ ਨਹੀਂ।

ਤੀਸਰਾ ਗੁਆਂਢੀ ਮੁਲਕ ਨੇਪਾਲ, ਭੂਟਾਨ, ਮੀਆਂਮਾਰ, ਸ਼੍ਰੀ ਲੰਕਾ ਤੋਂ ਆਏ ਸ਼ਰਨਾਰਥੀ ਕੀ ਨਵੇਂ ਐਕਟ ਤਹਿਤ ਭਾਰਤ ਦੀ ਨਾਗਰਿਕਤਾ ਲੈ ਸਕਦੇ ਹਨ? ਜਵਾਬ ਹੈ ਨਹੀਂ।

ਚੌਥਾ ਕੀ ਨਵਾਂ ਐਕਟ ਭਾਰਤ ਦੇ ਸੰਵਿਧਾਨ ਦੀ ਮੂਲ ਭਾਵਨਾ ਦੀ ਉਲੰਘਣਾ ਤਾਂ ਨਹੀਂ ਕਰ ਰਿਹਾ, ਜਵਾਬ ਹੈ ਜੀ ਹਾਂ। ਘੋਰ ਉਲੰਘਣਾ ਕਰ ਰਿਹਾ ਹੈ ਕਿਉਂਕਿ ਭਾਰਤ ਦਾ ਸੰਵਿਧਾਨ ਸਭ ਧਰਮਾਂ ਨੂੰ ਬਰਾਬਰ ਮੰਨਦਾ ਹੈ ਅਤੇ ਕਿਸੇ ਨਾਲ ਵੀ ਧਰਮ ਅਧਾਰਤ ਵਿਤਕਰੇ ਤੋਂ ਉੱਪਰ ਹੈ।

ਫਿਰ ਸਵਾਲ ਉੱਠਦਾ ਹੈ ਕਿ ਅਜਿਹਾ ਐਕਟ ਲਿਆਉਣ ਦੀ ਭਾਰਤ ਸਰਕਾਰ ਨੂੰ ਕੀ ਲੋੜ ਸੀ?

ਭਾਰਤ ਸਰਕਾਰ ਭਾਜਪਾ ਦੀ ਸਰਕਾਰ ਹੈ ਜਿਸ ਦੀ ਰੀੜ੍ਹ ਦੀ ਹੱਡੀ ਸੰਘ ਪ੍ਰੀਵਾਰ (ਵਛਛ) ਹੈ। ਸੰਘ ਪ੍ਰੀਵਾਰ ਦਾ ਏਜੰਡਾ ਹੈ ਹਿੰਦੂਤਵ ਅਤੇ ਹਿੰਦੂਤਵ ਦਾ ਏਜੰਡਾ ਹੈ ਕਿ ਭਾਰਤ ਹਿੰਦੂਆਂ ਦਾ ਦੇਸ਼ ਹੈ। ਕਿਉਂਕਿ ਪਾਕਿਸਤਾਨ ਧਰਮ ਅਧਾਰਤ ਦੇਸ਼ ਬਣਿਆਂ ਸੀ, ਇਸ ਲਈ ਜੋ ਪਿੱਛੇ ਰਹਿ ਗਿਆ ਉਹ ਹਿੰਦੂਆਂ ਦਾ ਦੇਸ਼ ਹੈ, ਹਿੰਦੋਸਤਾਨ ਹੈ। ਅਸਲੀਅਤ ਇਹ ਹੈ ਕਿ ਭਾਰਤ ਵਿੱਚ ਪਾਕਿਸਤਾਨ ਤੋਂ ਵੱਧ ਮੁਸਲਮਾਨ ਵਸਦੇ ਹਨ। ਭਾਰਤ ਦਾ ਸੰਵਿਧਾਨ ਪਹਿਲੀਆਂ ਲਾਈਨਾਂ ਵਿੱਚ ਹੀ ਇਹ ਗੱਲ ਸਪਸ਼ਟ ਕਰ ਦਿੰਦਾ ਹੈ ਕਿ ਇੰਡੀਆ ਜਿਸ ਨੂੰ ਭਾਰਤ ਵੀ ਕਿਹਾ ਜਾਂਦਾ ਹੈ ਇੱਕ ਧਰਮ ਨਿਰਪੇਖ, ਸੈਕੂਲਰ ਦੇਸ਼ ਹੋਵੇਗਾ ਜਿਸ ਵਿੱਚ ਧਰਮ, ਲਿੰਗ ਅਤੇ ਜਾਤ ਅਧਾਰਤ ਕਿਸੇ ਨਾਲ ਵੀ ਕੋਈ ਵਿਤਕਰਾ ਗੈਰ ਕਾਨੂੰਨੀ ਹੋਵੇਗਾ, ਸੰਵਿਧਾਨ ਦੇ ਉਲਟ ਹੋਵੇਗਾ। ਦੇਸ਼ ਦੇ ਗ੍ਰਹਿ ਮੰਤਰੀ ਨੇ ਇਸ ਨਵੇਂ ਕਾਨੂੰਨ ਨੂੰ ਲਿਆ ਕੇ ਆਪਣੀ ਭਾਸ਼ਾ ਅਤੇ ਸ਼ੈਲੀ ਨਾਲ ਇਹ ਪ੍ਰਭਾਵ ਦਿੱਤਾ ਹੈ ਕਿ ਭਾਰਤ ਦੀ ਸਰਕਾਰ ਵਿਰੋਧੀ ਪਾਰਟੀਆਂ ਦੀ ਕਿਸੇ ਵੀ ਨੁਕਤਾਚੀਨੀ ਨੂੰ ਟਿੱਚ ਸਮਝਦੀ ਹੈ। ਹੋਰ ਤਾਂ ਹੋਰ ਕੇਂਦਰੀ ਸਰਕਾਰ ਨੇ ਸੀ.ਏ.ਏ. ਨੂੰ ਅਧਾਰ ਬਣਾ ਕੇ ਇੱਕ ਹੋਰ ਬੰਬ ਸੁੱਟਿਆ ਹੈ ਕਿ ਉਹ NRC ਵੀ ਲਾਗੂ ਕਰੇਗੀ। ਇਹ NRC ਹੈ, ਨੈਸ਼ਨਲ ਰਜਿਸਟਰ ਆਫ ਸਿਟੀਜਨਜ ਭਾਵ ਦੇਸ਼ ਦੀ 135 ਕਰੋੜ ਵਸੋਂ ਦਾ ਇੱਕ ਰਜਿਸਟਰ ਬਣੇਗਾ ਜਿਸ ਵਿੱਚ ਭਾਰਤ ਦੇ ਹਰ ਨਾਗਰਿਕ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਹ ਭਾਰਤ ਦੇਸ਼ ਦਾ ਨਾਗਰਿਕ ਹੈ।

ਇਹ ਤਜਰਬਾ ਅਸਾਮ ਰਾਜ ਵਿੱਚ ਕੀਤਾ ਗਿਆ




ਸੀ। ਮੀਡੀਆ ਰਿਪੋਰਟਾਂ ਮੁਤਾਬਿਕ ਉੱਨੀ ਲੱਖ (19,00,000) ਲੋਕ ਅਜਿਹੇ ਸ਼ਨਾਖਤ ਹੋਏ ਹਨ ਜਿਹੜੇ ਆਪਣੀ ਨਾਗਰਿਕਤਾ ਸਿੱਧ ਨਹੀਂ ਕਰ ਸਕੇ। ਅਜਿਹਾ ਹੀ ਇੱਕ ਨਾਗਰਿਕ ਸੋਸ਼ਲ ਮੀਡੀਏ ਤੇ ਕਾਫੀ ਵਾਇਰਲ ਹੋਇਆ ਜਿਸ ਨੇ ਭਾਰਤੀ ਫੌਜ ਵਿੱਚ ਲੱਗਭੱਗ ਤੀਹ ਸਾਲ ਨੌਕਰੀ ਕੀਤੀ ਪਰ ਉਸ ਨੂੰ ਜੇਲ੍ਹ (Detention Centre) ਦੀ ਹਵਾ ਖਾਣੀ ਪਈ ਅਤੇ ਅਦਾਲਤ ਦੇ ਹੁਕਮਾਂ ਨਾਲ ਉਸ ਨੂੰ ਜਮਾਨਤ ਮਿਲੀ। ਇੱਥੇ ਇਹ ਜਿਕਰ ਕਰਨਾ ਯੋਗ ਹੈ ਕਿ ਉਹ ਵਿਅਕਤੀ ਮੁਸਲਮਾਨ ਧਰਮ ਨਾਲ ਸਬੰਧਤ ਹੈ। ਇਸ ਤਜਰਬੇ ਤੇ ਸੁਣਿਆ ਹੈ ਕਿ ਸੋਲਾਂ ਹਜਾਰ ਕਰੋੜ ਰੁਪਏ ਖਰਚ ਆਏ ਹਨ। ਜਿਆਦਾਤਰ ਲੋਕ ਹਿੰਦੂ ਸਮੁਦਾਇ ਦੇ ਸ਼ਨਾਖਤ ਹੋਣ ਕਾਰਨ ਕੇਂਦਰ ਸਰਕਾਰ ਨੂੰ ਇਹ ਸਮਝ ਨਹੀਂ ਪੈ ਰਹੀ ਕਿ ਇਨ੍ਹਾ ਦਾ ਕੀ ਕੀਤਾ ਜਾਵੇ। ਅਸਾਮ ਦਾ ਸਰਵੇ ਅਤੇ ਲੱਗਭੱਗ 15 ਲੱਖ ਲੋਕਾਂ ਦਾ ਹਿੰਦੂ ਧਰਮ ਨਾਲ ਸਬੰਧਤ ਸ਼ਨਾਖਤ ਹੋਣਾ CAA ਲਿਆਉਣ ਦਾ ਵੱਡਾ ਕਾਰਨ ਬਣਿਆ ਕਿ ਕਿਵੇਂ ਹਿੰਦੂ ਵੋਟਰ ਨੂੰ ਭਾਜਪਾ ਨਾਲ ਜੋੜਿਆ ਜਾਵੇ ਅਤੇ ਪੱਕਿਆਂ ਕੀਤਾ ਜਾਵੇ।

ਦੂਸਰਾ ਇਸ ਤੋਂ ਵੀ ਵੱਡਾ ਕਾਰਨ ਹੈ ਰਾਮ ਮੰਦਰ ਦੇ ਮਸਲੇ ਦਾ ਭੋਗ ਪੈ ਜਾਣਾ। ਰਾਮ ਰੱਥ ਯਾਤਰਾ ਤੋਂ ਲੈ ਕੇ ਭਾਜਪਾ ਸਰਕਾਰ ਦਾ 2014 ਵਿੱਚ ਬਹੁਮਤ ਵਿੱਚ ਆਉਣਾ ਰਾਮ ਮੰਦਰ ਮਸਲੇ ਦਾ ਜੀਵਤ ਰਹਿਣਾ ਸੀ। ਜਦੋਂ 2019 ਵਿੱਚ ਸੁਪਰੀਮ ਕੋਰਟ ਨੇ ਵਿਵਾਦਤ ਜਮੀਨ ਰਾਮ ਮੰਦਰ ਲਈ ਦੇ ਦਿੱਤੀ ਤਾਂ ਅਗਲੀ ਸਿਆਸਤ ਕਿਵੇਂ ਕੀਤੀ ਜਾਵੇ ? ਇਹ ਪ੍ਰਸ਼ਨ ਭਾਜਪਾ ਬੁੱਧੀਜੀਵੀਆਂ ਲਈ ਇੱਕ ਚੈਲਿੰਜ ਬਣ ਗਿਆ। ਉਸ ਦਾ ਹੱਲ CAA ਅਤੇ NRC ਲਿਆ ਕੇ ਕੀਤਾ ਗਿਆ। ਸਾਫ ਹੈ ਕਿ ਨਤੀਜਾ ਉਨ੍ਹਾਂ ਦੀ ਸੋਚ ਮੁਤਾਬਿਕ ਆ ਰਿਹਾ ਹੈ। ਮੁਸਲਮਾਨਾਂ ਨੂੰ ਛੱਡ ਕੇ ਬਾਕੀ ਹਿੰਦੂ, ਬੋਧੀ, ਸਿੱਖ, ਪਾਰਸੀ ਅਤੇ ਜੈਨ ਆਦਿ ਨਾਗਰਿਕਤਾ ਲੈ ਸਕਦੇ ਹਨ ਪਰ ਮੁਸਲਮਾਨ ਨਹੀਂ। ਇਸ ਧਰਮ ਅਧਾਰਤ ਨਾਗਰਿਕਤਾ ਸੋਧ ਕਾਨੂੰਨ ਨੇ ਦੇਸ਼ ਨੂੰ ਬੁਰੀ ਤਰਾਂ ਵੰਡ ਕੇ ਰੱਖ ਦਿੱਤਾ। ਜਗ੍ਹਾ ਜਗ੍ਹਾ ਪ੍ਰਦਰਸ਼ਨ ਹੋ ਰਹੇ ਹਨ।

ਯੂ .ਪੀ. ਪ੍ਰਦੇਸ਼ ਅਤੇ ਹੋਰ ਰਾਜਾਂ ਵਿੱਚ ਦਰਜਨਾਂ ਬੰਦਿਆਂ ਦੀ ਜਾਨ ਚਲੇ ਗਈ ਹੈ। ਦਿੱਲੀ ਦੀਆਂ ਚੋਣਾਂ ਨੇ ਬਲਦੀ ਵਿੱਚ ਘਿਓ ਪਾਉਣ ਦਾ ਕੰਮ ਕੀਤਾ ਹੈ। ਲੇਕਿਨ ਇਸ ਸਾਰੇ ਵਿੱਚ ਟਵਙ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ਕੀ ਜਰੂਰਤ ਹੈ? ਜੇਕਰ ਕੋਈ ਸ਼ਰਨਾਰਥੀ ਨਾਗਰਿਕਤਾ ਲਈ ਅਪਲਾਈ ਕਰਦਾ ਹੈ ਤਾਂ ਉਸ ਨੂੰ ਮੈਰਿਟ ਦੇ ਅਧਾਰ ਤੇ ਨਾਗਰਿਕਤਾ ਦਿੱਤੀ ਜਾ ਸਕਦੀ ਹੈ।

ਜੋ ਧਰਮ ਅਧਾਰਿਤ ਕਾਨੂੰਨ ਭਾਰਤ ਸਰਕਾਰ ਨੇ ਪਾਸ ਕੀਤਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ, ਸੰਵਿਧਾਨ ਦੀ ਮੂਲ ਧਾਰਨਾਂ ਦੇ ਖਿਲਾਫ ਹੈ ਪਰ (NRC) ਦਾ ਸਭ ਤੋਂ ਮਾੜਾ ਪ੍ਰਭਾਵ ਦਲਿਤਾਂ ਤੇ ਪੈਣ ਵਾਲਾ ਹੈ ਜਿਸ ਨੂੰ ਦਲਿਤ ਬੁੱਧੀਜੀਵੀ ਅਤੇ ਵਿਰੋਧੀ ਪਾਰਟੀਆਂ ਬਿਲਕੁਲ ਵੀ ਤਵੱਜੋਂ ਨਹੀਂ ਦੇ ਰਹੀਆਂ। ਕੌਮੀ ਨਾਗਿਰਕਤਾ ਰਜਿਸਟਰ ਵਿੱਚ ਜਗ੍ਹਾ ਪਾਉਣ ਲਈ ਤੁਹਾਨੂੰ ਆਪਣਾ ਜਨਮ ਪ੍ਰਮਾਣ ਜਾਂ ਮਾਤਾ-ਪਿਤਾ ਦਾ ਜਨਮ ਪ੍ਰਮਾਣ ਦੇਣਾ ਹੋਵੇਗਾ। ਜਮੀਨ ਜਾਇਦਾਦ ਦੇ ਕਾਗਜ਼ਾਤ ਦਿਖਾਉਣੇ ਪੈ ਸਕਦੇ ਹਨ ਜੋ ਇਹ ਸਾਬਤ ਕਰਨ ਕਿ ਤੁਸੀਂ ਜਾਂ ਤੁਹਾਡੇ ਪੁਰਖੇ ਕਦੋਂ ਤੋਂ ਇਸ ਦੇਸ਼ ਵਿੱਚ ਰਹਿ ਰਹੇ ਹਨ। ਕੀ ਕੀ ਸਬੂਤ ਦਿਖਾਉਣੇ ਪੈ ਸਕਦੇ ਹਨ, ਇਸ ਦੀ ਲਿਸਟ ਭਾਰਤ ਸਰਕਾਰ ਤੈਅ ਕਰੇਗੀ। ਜੇਕਰ ਤੁਹਾਡੇ ਨਾਂ ਤੇ ਜਮੀਨ ਨਹੀਂ, ਜੇਕਰ ਤੁਹਾਡੇ ਕੋਲ ਜਨਮ ਪ੍ਰਮਾਣ ਪੱਤਰ ਨਹੀਂ, ਜੇਕਰ ਤੁਹਾਡੇ ਕੋਲ ਸਰਕਾਰ ਵੱਲੋਂ ਨੀਯਤ ਕੀਤੇ ਉਹ ਸਾਰੇ ਪ੍ਰਮਾਣ ਪੱਤਰ ਨਹੀਂ ਜੋ ਲੋੜੀਂਦੇ ਹਨ ਤਾਂ ਭਾਵੇਂ ਤੁਸੀਂ ਪੁਸ਼ਤਾਂ ਤੋਂ ਭਾਵੇਂ ਸਦੀਆਂ ਤੋਂ ਇਸ ਦੇਸ਼ ਦੇ ਵਾਸੀ ਰਹੇ ਹੋਵੋ, ਤੁਹਾਨੂੰ ਨਾਗਰਿਕਤਾ ਰਜਿਸਟਰ ਵਿੱਚ ਜਗ੍ਹਾ ਨਹੀਂ ਮਿਲ ਸਕਦੀ। ਨਾਗਰਿਕਤਾ ਰਜਿਸਟਰ ਬਣਾਉਣ ਦੇ ਲਈ ਕਿੰਨੇ ਲੱਖ ਕਰੋੜ ਰੁਪਏ ਦਾ ਖਰਚਾ ਆਵੇਗਾ, ਇਹ ਵੱਖਰੀ ਗੱਲ ਹੈ। ਜਾਅਲੀ ਜਾਂ ਅਸਲੀ ਦਸਤਾਵੇਜ਼ ਬਣਾਉਣ ਲਈ ਕਿੰਨੀ ਰਿਸ਼ਵਤ ਦੇਣੀ ਪਵੇਗੀ ਇਹ ਵੱਖਰੀ ਗੱਲ ਹੈ। ਨਾਗਰਿਕਤਾ ਰਜਿਸਟਰ ਵਿੱਚ ਜਗ੍ਹਾ ਨਾ ਪਾਉਣ ਕਾਰਨ, ਗਲਤ ਐਂਟਰੀਆਂ ਦੀ ਦਰੁਸਤੀ ਕਰਵਾਉਣ ਲਈ ਕਿੰਨੇ ਅਦਾਲਤੀ ਕੇਸ ਹੋਣਗੇ, ਕਿੰਨੀਆਂ ਫੀਸਾਂ ਵਕੀਲਾਂ ਨੂੰ ਦੇਣੀਆਂ ਪੈਣਗੀਆਂ, ਇਹ ਵੱਖਰੀ ਗੱਲ ਹੈ। ਅਦਾਲਤਾਂ ਅਜਿਹੇ ਕੇਸਾਂ ਦਾ ਨਿਪਟਾਰਾ ਕਿੰਨੇ ਸਾਲਾਂ ਵਿੱਚ ਕਰਨਗੀਆਂ, ਅਪੀਲਾਂ ਕਦੋਂ ਤੇ ਕਿੰਨੀਆਂ ਹੋਣਗੀਆਂ ਅਤੇ ਉਨ੍ਹਾਂ ਕੇਸਾਂ ਤੇ ਹੋਣ ਵਾਲੀ ਪ੍ਰੇਸ਼ਾਨੀ ਕਿੰਨੀ ਕੁ ਹੋਵੇਗੀ, ਇਹ ਵੱਖਰੀ ਗੱਲ ਹੈ। ਲੇਕਿਨ ਦਲਿਤ ਜਿਨ੍ਹਾਂ ਕੋਲ ਜ਼ਮੀਨ ਨਹੀਂ ਜਿਵੇਂ ਕਿ ਪੰਜਾਬ ਦੀ 33% ਵਸੋਂ ਕੋਲ 3.2% ਜਮੀਨ ਹੈ। ਜੋ ਅਨਪੜ੍ਹ ਹਨ, ਜੋ ਪੰਚਾਇਤੀ ਜਮੀਨ ਜਾਂ ਸ਼ਾਮਲਾਟ ਜਮੀਨਾਂ ਤੇ ਘਰ ਬਣਾ ਕੇ ਰਹਿੰਦੇ ਹਨ, ਜੋ ਪਿੰਡ ਦੇ ਛੱਪੜ ਪੂਰ ਕੇ ਘਰ ਬਣਾ ਕੇ ਰਹਿ ਰਹੇ ਹਨ, ਜੋ ਕਿਸੇ ਸਰਕਾਰੀ ਜਮੀਨ, ਰੇਲਵੇ ਵਿਭਾਗ ਜਾਂ ਨੈਸ਼ਨਲ ਹਾਈਵੇ ਤੇ ਨਜਾਇਜ ਕਬਜਾ ਕਰਕੇ ਬਸਰ ਕਰ ਰਹੇ ਹਨ, ਉਹ ਸਬੂਤ ਕਿੱਥੋਂ ਲਿਆਉਣਗੇ। ਜੇਕਰ ਸਬੂਤ ਨਹੀਂ ਤਾਂ ਉਨ੍ਹਾਂ ਦਾ ਨਾਂ NRC ਵਿੱਚ ਦਰਜ ਕਿਵੇਂ ਹੋਵੇਗਾ ? ਜੇਕਰ ਨਾਂ ਦਰਜ ਨਹੀਂ ਹੋਵੇਗਾ ਤਾਂ ਉਨ੍ਹਾਂ ਨਾਲ ਸਰਕਾਰ ਕੀ ਸਲੂਕ ਕਰੇਗੀ?

ਅਜਿਹੇ ਲੋਕਾਂ ਦਾ ਨਾਂ ਵੋਟਰ ਲਿਸਟ ਵਿੱਚੋਂ ਕੱਟਿਆ ਜਾ ਸਕਦਾ ਹੈ।

ਅਜਿਹੇ ਲੋਕਾਂ ਨੂੰ ਜੇਲ੍ਹਾਂ (Dentention centres) ਵਿੱਚ ਸੁੱਟਿਆ ਜਾ ਸਕਦਾ ਹੈ।

ਅਜਿਹੇ ਲੋਕਾਂ ਨੂੰ ਇੱਕ ਖਾਸ ਧਰਮ ਜਾਂ ਵਿਚਾਰਧਾਰਾ ਨਾਲ ਜੁੜਨ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਅਜਿਹੇ ਲੋਕਾਂ ਨੂੰ ਉਨ੍ਹਾਂ ਸਭ ਸਰਕਾਰੀ ਸਹੂਲਤਾਂ ਤੋਂ ਮਹਿਰੂਮ ਕੀਤਾ ਜਾ ਸਕਦਾ ਹੈ ਜੋ ਅੱਜ ਸਰਕਾਰ ਵੱਲੋਂ ਮੁਹੱਈਆ ਕਰਨੀਆਂ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ।

ਅਜਿਹੇ ਵਿਅਕਤੀਆਂ ਦੇ ਬੱਚਿਆਂ ਨੂੰ ਪੜ੍ਹਾਈ, ਵਜ਼ੀਫੇ, ਪੈਂਸ਼ਨਾਂ, ਆਟਾ-ਦਾਲ ਸਕੀਮਾਂ ਜਾਂ ਅਜਿਹੇ ਹੋਰ ਕਿੰਨੇ ਹੀ ਲਾਭਾਂ ਤੋਂ ਵਾਂਝਿਆਂ ਕੀਤਾ ਜਾ ਸਕਦਾ ਹੈ।

ਸਭ ਤੋਂ ਵੱਧ ਨੁਕਸਾਨ ਹੋਣ ਵਾਲਾ ਇਹ ਹੋਵੇਗਾ ਕਿ ਭਾਰਤੀ ਜਮਹੂਰੀਅਤ ਵਿੱਚ ਅਜਿਹੇ ਲੋਕਾਂ ਦਾ ਰੋਲ ਨਹੀਂ ਰਹਿ ਜਾਵੇਗਾ। ਬਾਬਾ ਸਾਹਿਬ ਅੰਬੇਡਕਰ ਨੇ ਜੋ ਬਾਲਗ ਮਤ-ਅਧਿਕਾਰ (Universal adult franchise) ਭਾਰਤ ਵਾਸੀਆਂ ਨੂੰ ਦਿੱਤਾ ਸੀ ਅਤੇ ਜਿਸ ਦੀ ਪ੍ਰੋੜਤਾ ਉਸ ਵਕਤ ਦੇ ਅਜ਼ਾਦੀ ਘੁਲਾਟੀਆਂ ਨੇ ਕੀਤੀ ਸੀ, ਉਸ ਦਾ ਗਲਾ ਘੁੱਟ ਦਿੱਤਾ ਜਾਵੇਗਾ। NRC ਦਾ ਪ੍ਰਭਾਵ ਹਰ ਧਰਮ, ਜਾਤ ਅਤੇ ਸਮੁਦਾਇ ਤੇ ਪਵੇਗਾ। ਉਹ ਕਿਸੇ ਵੀ ਜਾਤ, ਧਰਮ ਨਾਲ ਸਬੰਧਤ ਹੋਣ, ਉਸ ਤੇ NRC ਦਾ ਅਸਰ ਵਧੇਰੇ ਪਵੇਗਾ। ਸਭ ਤੋਂ ਵੱਧ ਮਾੜਾ ਪ੍ਰਭਾਵ ਭਾਰਤ ਦੀ ਆਦਿ ਵਾਸੀ ਵਸੋਂ ਤੇ ਪਵੇਗਾ, ਅਨੁਸੂਚਿਤ ਜਾਤੀਆਂ ਤੇ ਪਵੇਗਾ ਜਿਨ੍ਹਾਂ ਦੇਸ਼ ਅਜ਼ਾਦੀ ਤੋਂ 73 ਸਾਲ ਬੀਤ ਜਾਣ ਤੇ ਵੀ ਭਾਰਤ ਸਰਕਾਰ ਮੁੱਖ ਧਾਰਾ ਵਿੱਚ ਨਹੀਂ ਲਿਆ ਪਾਈ। ਮੁੱਕਦੀ ਗੱਲ ਇਹ ਹੈ ਕਿ CAA ਅਤੇ NRC ਭੈੜੇ ਨਤੀਜੇ ਫਾਸ਼ੀਵਾਦੀ (ਜਰਮਨੀ) ਵਰਗੇ ਹੋਣਗੇ ਜਿਨ੍ਹਾਂ ਤੋਂ ਅੱਜ ਤੱਕ ਪੂਰਾ ਵਿਸ਼ਵ ਨਿਜ਼ਾਤ ਨਹੀਂ ਪਾ ਸਕਿਆ। ਸੋਸ਼ਲ ਮੀਡੀਆ ਤੇ CAA ਅਤੇ NRC ਖਿਲਾਫ ਬੇਹੱਦ ਪ੍ਰਚਾਰ ਹੋ ਰਿਹਾ ਹੈ। ਲੋੜ ਹੈ ਤਾਂ ਸ਼ਾਹੀਨ ਬਾਗ ਵਰਗੇ ਸ਼ਾਂਤਮਈ ਪ੍ਰੋਟੈਸਟ ਕਰਨ ਦੀ ਤਾਂ ਜੋ ਅਜਿਹੇ ਦੇਸ਼ ਵਿਰੋਧੀ ਕਾਨੂੰਨਾਂ ਨੂੰ ਨਾ ਸਿਰਫ ਦੇਸ਼ ਦੇ ਅੰਦਰ ਬਲਕਿ ਅੰਤਰ ਰਾਸ਼ਟਰੀ ਪੱਧਰ ਤੇ ਇਨ੍ਹਾਂ ਦੀ ਪੋਲ ਖੋਲ੍ਹੀ ਜਾ ਸਕੇ। ਸਿਆਸੀ ਪਾਰਟੀ ਕੋਈ ਵੀ ਹੋਵੇ, ਦੇਸ਼ ਤੋਂ ਵੱਡੀ ਨਹੀਂ ਹੁੰਦੀ। ਅੱਜ ਦੇਸ਼ ਦਾ ਸੈਕੂਲਰ ਕਰੈਕਟਰ ਅਤੇ ਦੇਸ਼ ਦੇ ਸੰਵਿਧਾਨ ਨੂੰ ਜਬਰਦਸਤ ਖਤਰਾ ਹੈ। ਜੇਕਰ ਅੱਜ ਦੇਸ਼ ਦੀ ਜਨਤਾ ਨਾ ਜਾਗੀ ਤਾਂ ਨਤੀਜੇ ਦੂਸਰੇ ਵਿਸ਼ਵ ਯੁੱਧ ਤੋਂ ਵੀ ਵੱਧ ਭਿਆਨਕ ਹੋ ਸਕਦੇ ਹਨ। ਅੱਜ ਮਹਾਤਮਾ ਗਾਂਧੀ, ਡਾ. ਭੀਮ ਰਾਓ ਅੰਬੇਡਕਰ ਅਤੇ ਦੇਸ਼ ਦੇ ਸੰਵਿਧਾਨ ਨੂੰ ਪੜ੍ਹਨ ਅਤੇ ਸਹੀ ਅਰਥਾਂ ਵਿੱਚ ਲਾਗੂ ਕਰਨ ਦੀ ਲੋੜ ਹੈ, ਦੇਸ਼ ਦੇ 135 ਕਰੋੜ ਅਬਾਦੀ ਵਿੱਚੋਂ ਜੇਕਰ ਇੱਕ ਪ੍ਰਤੀਸ਼ਤ ਲੋਕ ਵੀ ਜਾਗ ਗਏ ਤਾਂ ਦੇਸ਼ ਬਚ ਜਾਵੇਗਾ। ਨਹੀਂ ਤਾਂ ਅੱਜ ਦੀ ਜੈਨਰੇਸ਼ਨ ਨੂੰ ਆਉਣ ਵਾਲੀਆਂ ਪੀੜ੍ਹੀਆਂ ਕੋਸਣਗੀਆਂ ਕਿ ਸਮਾਂ ਰਹਿੰਦਿਆਂ ਸਾਡੇ ਪੂਰਵਜਾਂ ਨੇ ਸਿਆਣਪ ਨਹੀਂ ਦਿਖਾਈ। ਆਓ ਜਾਤ, ਧਰਮ ਅਤੇ ਖੇਤਰਾਂ ਤੋਂ ਉੱਪਰ ਉੱਠ ਕੇ ਆਪਣੇ ਆਪ ਨੂੰ ਸਮੇਂ ਦੇ ਹਾਣੀ ਬਾਬਤ ਕਰੀਏ।

# ਸਮਾਜ, ਪਰਿਵਾਰਾਂ ਵਿਚ ਅਜੀਬ ਜਿਹੀ ਪ੍ਰਵਿਰਤੀ



ਰਬਿੰਦਰ ਸ਼ਰਮਾ

ਸਮਾਜ ਤੇ ਪਰਿਵਾਰਾਂ ਵਿਚ ਅਜੀਬ ਜਿਹੀ ਪ੍ਰਵਿਰਤੀ ਪੈਦਾ ਹੋ ਰਹੀ ਹੈ । ਸਿਆਸਤ ਨੂੰ ਲੈ ਕੇ ਪਰਿਵਾਰ ਤੇ ਰਿਸ਼ਤੇ ਕੁੜੱਤਣ ਗ੍ਰਿਸਤ ਹੋਈ ਜਾ ਰਹੇ ਹਨ। ਇਹੀ ਨਹੀਂ ਸਮਾਜ ਤੇ ਲੋਕਾ ਂਵਿਚ ਵੀ ਸਿਆਸਤ ਦਾ ਜ਼ਹਿਰੀਲਾ ਰੂਪ ਉਭਰ ਰਿਹਾ ਹੈ। ਇਹ ਇਕ ਬਹੁਤ ਹੀ ਖ਼ਤਰਨਾਕ ਪ੍ਰਵਿਰਤੀ ਹੈ। ਪਿਛੋਕੜ ਦੇਖਦੇ ਹਾਂ ਪਰਿਵਾਰਾਂ ਵਿਚ ਕੋਈ ਕਾਂਗਰਸੀ, ਕੋਈ ਜਨ-ਸੰਘ (ਬੀ. ਜੇ. ਪੀ), ਕੋਈ ਕਾਮਰੇਡ, ਕੋਈ ਬੀ.ਐਸ.ਪੀ, ਕੋਈ ਸੋਸਲਿਸਟ, ਕੋਈ ਅਕਾਲੀ, ਕਹਿ ਲਓ ਅਲੱਗ-ਅਲੱਗ ਵਿਚਾਰ ਧਾਰਾਵਾਂ ਪਰਿਵਾਰਾਂ ਤੇ ਸਮਾਜ ਵਿਚ ਬੜੇ ਸੁਹਿਰਦ ਵਾਤਾਵਰਨ ਨਾਲ ਵਿਚਰ ਰਹੀਆਂ ਸਨ । ਵੱਖ-ਵੱਖ ਵਿਚਾਰ ਹੁੰਦਿਆਂ ਵੀ ਲੋਕ ਪਿਆਰ ਸਤਿਕਾਰ ਨਾਲ ਪੇਸ਼ ਆਉਂਦੇ ਸਨ ਤੇ ਸਾਰਥਕ ਬਹਿਸ ਵੀ ਕਰਦੇ ਸਨ। ਇਕ ਦੂਜੇ ਪ੍ਰਤੀ ਜ਼ਹਿਰ ਘਟ ਹੀ ਉਗਲੀ ਜਾਂਦੀ ਸੀ ਤੇ ਗਾਲੀ ਗਲੋਚ ਦੀ ਭਾਸ਼ਾ ਦਾ ਪ੍ਰਯੋਗ ਨਹੀਂ ਹੁੰਦਾ ਸੀ। ਪਰਿਵਾਰਾਂ ਵਿਚ ਪਿਤਾ ਕਾਂਗਰਸੀ, ਮਾਮਾ ਬੀ.ਜੇ.ਪੀ, ਮਾਸੜ ਬੀ.ਐਸ.ਪੀ, ਚਾਚਾ ਅਕਾਲੀ, ਫੁਫੜ ਸੋਸਲਿਸਟ ਤੇ ਜੀਜਾ-ਸਾਲਾ ਕਾਮਰੇਡ ਭਾਵ ਅਲੱਗ-ਅਲੱਗ ਪਾਰਟੀਆਂ ਵਿਚ ਰਹਿ ਕੇ ਵੀ ਮਾਨ ਮਰਿਆਦਾ ਬਣਾਈ ਰੱਖਦੇ ਸਨ ਤੇ ਇਕੋ ਧਰਮ, ਪਰਿਵਾਰ ਵਿਚ ਸਿਆਸਤ ਦੇ ਵਖਰੇਂਵਿਆਂ ਦੇ ਬਾਵਜੂਦ ਅੰਗ ਸੰਗ ਸਨ। ਉਹ ਵੱਖ-ਵੱਖ ਵਿਚਾਰ ਹੋਣ ਦੇ ਬਾਵਜੂਦ ਸੁਣਨ ਤੇ ਸਮਝਣ ਦੀ ਸਹਣਸ਼ੀਲਤਾ ਰੱਖਦੇ ਸਨ। ਇਥੋਂ ਤੱਕ ਪਿੰਡਾਂ ਵਿਚ ਵੱਖ-ਵੱਖ ਜ਼ਾਤਾਂ, ਧਰਮਾਂ ਦੇ ਲੋਕ ਸਰਵ ਸਮੰਤੀ ਨਾਲ ਜਾਤ, ਧਰਮ ਤੇ ਪਾਰਟੀਆਂ ਤੋਂ ਉਪਰ ਉਠ ਕੇ ਮੁੱਖੀਆ ਤੇ ਮੈਂਬਰਾਂ ਦੀ ਚੋਣ ਕਰ ਲੈਂਦੇ ਸਨ। ਖੁੱਲ੍ਹਮ-ਖੁੱਲ੍ਹੇ ਗਾਲੀ ਗਲੋਚ ਜਾਂ ਭੱਦੀ ਭਾਸ਼ਾ ਦਾ ਪ੍ਰਯੋਗ ਬਹੁਤ ਘੱਟ ਸੀ। ਰਾਜ ਸੱਤਾ ਦੇ ਲਾਲਚ ਵਿਚ ਸਿਆਸੀ ਪਾਰਟੀਆਂ ਨੇ ਸਭ ਹੱਦਾਂ ਤੋੜ ਕੇ ਸਮਾਜ ਤੇ ਪਰਿਵਾਰਾਂ ਨੂੰ ਤਹਿਸ਼-ਨਹਿਸ਼ ਕਰਨ ਦਾ ਬੀੜਾ ਉਠਾਇਆ ਲਗਦਾ ਹੈ। ਪਾਰਟੀਆਂ ਦੇ ਬੜੇ ਨੇਤਾਵਾਂ ਦੀ ਭੜਕਾਓ ਬਿਆਨਬਾਜ਼ੀ ਜ਼ਹਿਰ ਦਾ ਕੰਮ ਕਰ ਰਹੀ ਹੈ। ਇਸ ਵਿਚ ਟੈਲੀਵੀਜ਼ਨ, ਵਟਸਐਪ, ਫੇਸਬੁਕ ਤੇ ਬਾਕੀ ਮੀਡੀਆ ਦਾ ਦੂਰ ਉਪਯੋਗ ਅਤਿ ਘਾਤਕ ਸਿੱਧ ਹੋ ਰਿਹਾ ਹੈ। ਇਸ ਤੋਂ ਇਲਾਵਾ ਪਾਰਟੀਆਂ ਦੀ ਜਾਤ, ਧਰਮ ਅਧਾਰਤ ਸਿਆਸਤ, ਪਾਰਟੀਆਂ ਦਾ ਵਿਸ਼ੇਸ ਧਰਮ ਦੇ ਠੇਕੇਦਾਰ ਵਜੋਂ ਆਪਣੇ ਆਪ ਨੂੰ ਪੇਸ਼ ਕਰਨਾ ਅਤੇ ਧਰਮਾਂ ਦੇ ਆਿਇਨੇ ਰਾਂਹੀ ਪਾਰਟੀ ਨੂੰ ਵੇਖਣਾ ਬਹੁਤ ਹੀ ਘਾਤਕ ਹੈ। ਇਸ ਨਾਲ ਸਥਿਤੀ ਅਤਿ ਗੁੰਜ਼ਲਦਾਰ ਹੋਈ ਜਾ ਰਹੀ ਹੈ। ਪਰਿਵਾਰ ਤੇ ਸਮਾਜ ਦੇ ਲੋਕਾਂ ਵਿਚ ਤਣਾਅ ਵੱਧ ਰਿਹਾ ਹੈ ਤੇ ਅਣਸੁਖਾਵੇ ਮਾਹੌਲ ਕਾਰਣ ਲੋਕਾਂ ਵਿਚੋਂ ਸਦਭਾਵਨਾ ਖਤਮ ਹੋ ਰਹੀ ਹੈ। ਕੁਰਸੀ ਦੀ ਦੋੜ ਵਿਚ ਲੀਡਰ ਇਹ ਸਭ ਕੁਝ ਸਮਝਣ ਤੇ ਛੱਡਣ ਨੂੰ ਤਿਆਰ ਨਹੀਂ। ਇਸ ਲਈ ਇਹ ਹੁਣ ਸਮਾਜ ਦੇ ਲੋਕਾਂ ਤੇ ਪਰਿਵਾਰਾਂ ਦੀ ਸਾਂਝੀ ਜ਼ੁਮੇਵਾਰੀ ਹੈ ਕਿ ਉਹ ਅਜੋਕੀ ਸਿਆਸਤ ਵਿਚ ਆਪਣੀ ਭਾਈਚਾਰਕ ਸਾਂਝ ਨੂੰ ਨਿਖੜਣ ਨਾਂ ਦੇਣ ਤੇ ਕੁੜੱਤਣ ਦੇ ਬੀਜ ਬੀਜਣ ਵਿਲਿਆਂ ਤੋਂ ਸੁਚੇਤ ਰਹਿਣ ਅਤੇ ਸਾਰਥਕ ਬਹਿਸ ਨਾਲ ਚੰਗੇ ਬੁਰੇ ਦੀ ਪਹਿਚਾਣ ਕਰਨ।

# ਫਰਵਰੀ ਮਹੀਨੇ ਦੇ ਸ਼ਹੀਦਾਂ ਨੂੰ ਸਮਰਪਿਤ

ਹਿੰਦੋਸਤਾਨ ਉੱਪਰ ਅੰਗਰੇਜ ਸਰਕਾਰ ਨੇ ਲੱਗਭਗ ਦੋ ਸੌ (200) ਸਾਲ ਤੋਂ ਵੱਧ ਰਾਜ ਕੀਤਾ ।ਜਦੋਂ ਹੀ ਅੰਗਰੇਜ ਨੇ ਹਿੰਦੋਸਤਾਨ ਤੇ ਕਬਜ਼ਾ ਕਰਨਾ ਸ਼ੁਰੂ ਕੀਤਾ ਤਾਂ ਅੱਣਖੀ ਯੋਧਿਆਂ ਨੇ ਵਿਰੋਧ ਕੀਤਾ ਜਿੰਨ੍ਹਾਂ ਵਿੱਚ " ਸਰਾਜ਼ੋ ਦੀਨ ਦੌਲਾ" ਦਾ ਨਾਮ ਜ਼ਿਕਰਯੋਗ ਹੈ ਜੋ 1757 ਦੇ ਗ਼ਦਰ ਨਾਲ ਸਬੰਧਤ ਹੈ ਜਿਵੇਂ 1857 ਦੇ ਗ਼ਦਰ ਤੋਂ ਪਹਿਲਾਂ ਮਹਾਰਾਜ ਸਿੰਘ 'ਤੇ ਬਾਅਦ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਕੂਕਾ ਲਹਿਰ ਦਾ ਜ਼ਿਕਰ ਕੀਤੇ ਬਿਨ੍ਹਾਂ ਇਤਿਹਾਸ ਅਧੂਰਾ ਹੋਵੇਗਾ । ਉਸ ਸਮੇਂ ਅਨੇਕਾਂ ਸ਼ਹੀਦੀਆਂ ਹੋਈਆਂ।

ਹਿੰਦੋਸਤਾਨ ਨੂੰ ਅੰਗਰੇਜੀ ਸਰਕਾਰ ਤੋਂ ਨਿਜ਼ਾਤ ਦਿਵਾਉਣ ਲਈ ਹਜ਼ਾਰਾਂ ਯੋਧਿਆਂ ਨੇ ਆਪਣੀਆਂ ਜਾਨਾਂ ਦੀ ,ਜਾਇਦਾਦਾਂ ਜਾਂ ਹੋਰ ਕੀਮਤੀ ਚੀਜ਼ਾਂ ਦੀ ਪ੍ਰਵਾਹ ਕੀਤੇ ਵਗੈਰ ਆਜ਼ਾਦੀ ਦੇ ਘੋਲ ਵਿੱਚ ਹਿੱਸਾ ਪਾਇਆ।

ਸ਼ਹੀਦ ਵਰਿਆਮ ਸਿੰਘ ਸਪੁੱਤਰ ਸ. ਦਿਆਲ ਸਿੰਘ ,ਪਿੰਡ ਥਰਾਜ(ਪਟਿਆਲਾ) ਦਾ ਗ਼ਦਰ ਲਹਿਰ ਦਾ ਸਰਗਰਮ ਯੋਧਾ ਹਿੰਦੋਸਤਾਨ ਨੂੰ ਅੰ-ਗਰੇਜ ਦੀ ਪਕੜ ਵਿੱਚੋਂ ਕੱਢਣ ਵਾਸਤੇ ਇੰਨਾਂ ਜ਼ਿਆਦਾ ਤੱਤਪਰ ਰਹਿੰਦਾ ਕਿ ਲੋਕੀਂ ਉਸ ਨੂੰ ਅਮਲੀ ਕਹਿਕੇ ਬੁਲਾਉਣ ਲੱਗ ਪਏ ।ਭਾਵ ਅੰਗਰੇਜ ਰਾਜ ਖਤਮ ਕਰਨ ਦਾ ਤਹੱਈਆ ਇੱਕ ਅਮਲ ਵਾਂਗ ਸੀ।

ਸ. ਵਰਿਆਮ ਸਿੰਘ ਅਮਲੀ 2 ਫਰਵਰੀ 1915 ਨੂੰ ਪਿੰਡ ਚੱਬਾ(ਅੰਮ੍ਰਿਤਸਰ)ਦੇ ਡਾਕੇ ਵਿੱਚ ਹੋਏ ਬੰਬ ਧਮਾਕੇ 'ਚ ਸ਼ਹੀਦੀ ਰੁੱਤਬਾ ਪਾ ਕੇ ਸਦਾ ਚਮਕਣੇ ਵਾਲਾ ਸਿਤਾਰਾ ਬਣ ਗਿਆ। ਬੱਬਰ ਅਕਾਲੀ ਲਹਿਰ ਦਾ ਹਿੰਦੋਸਤਾਨ ਦੀ ਆਜ਼ਾਦੀ ਵਿੱਚ ਬੜਾ ਹੀ ਅਹਿਮ ਰੋਲ ਰਿਹਾ ਹੈ।

ਬੱਬਰਾਂ ਨੇ ਅੰਗਰੇਜ ਵਿਰੋਧੀ ਲੜਾਈ ਦੇ ਨਾਲ ਨਾਲ ਗੁਰੂ ਘਰਾਂ ਉੱਪਰ ਅੰਗਰੇਜ ਪੱਖੀ ਕਾਬਜ਼ ਮਹੰਤਾਂ ਵਿਰੁੱਧ ਵੀ ਲੜਾਈ ਲੜੀ ,ਬੱਬਰਾਂ ਨੇ ਹਿ-ੰਦੋਸਤਾਨ ਦੀ ਆਜ਼ਾਦੀ ਦੇ ਪਰਚਮ ਨੂੰ ਆਪਣੇ ਖ਼ੂਨ ਨਾਲ ਰੰਗਿਆ ।ਅਣਗਿਣਤ ਸ਼ਹੀਦਾਂ ਦੀ ਲੜੀ ਵਿੱਚ ਸ. ਕਿਸ਼ਨ ਸਿੰਘ ਗੜ੍ਹਗੱਜ ਦਾ ਨਾਮ ਮੋਹਰਲੀਆਂ ਕਤਾਰਾਂ ਵਿੱਚ ਹੈ ਜੋ ਬੱਬਰ ਅਕਾਲੀ ਲਹਿਰ ਦੇ ਮੋਢੀ ਸਨ ਜਿਨਾਂ ਨੂੰ 27 ਫਰਵਰੀ1926 ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਇੰਨ੍ਹਾਂ ਤੋਂ ਇਲਾਵਾ ਪੰਜ ਹੋਰ ਬੱਬਰਾਂ ਨੂੰ ਵੀ ਫਾਂਸੀ ਹੋਈ 1. ਸ.ਕਰਮ ਸਿੰਘ ਮਾਣਕੋ (ਜਲੰਧਰ) 2. ਸ.ਨੰਦ ਸਿੰਘ ਘੁੜਿਆਲ (ਜਲੰਧਰ) 3. ਬਾਬੂ ਸੰਤਾਂ ਸਿੰਘ ਛੋਟੀ ਹਰੀ (ਲੁਧਿਆਣਾ) 4. ਸ. ਦਲੀਪਾ ਧਾਮੀਆਂ (ਹੁਸ਼ਿਆਰਪੁਰ) 5. ਸ.ਧਰਮ ਸਿੰਘ ਹਿਆਤਪੁਰ ਰੁੜਕੀ (ਹੁਸ਼ਿਆਰਪੁਰ)

ਸ਼ਹੀਦ ਮਦਨ ਲਾਲ ਢੀਂਗਰਾ ਜੋ ਫਰਵਰੀ 18,1883 ਨੂੰ ਅੰਮ੍ਰਿ-ਤਸਰ ਸ਼ਹਿਰ ਦੇ ਸਿਵਲ ਸਰਜਨ ਡਾ. ਦਿੱਤਾ ਮੱਲ ਦੇ ਘਰ ਜਨਮੇ ।ਉਹ ਸੱਤਾਂ ਭਰਾਵਾਂ ਵਿੱਚੋਂ ਛੇਵੇਂ ਨੰਬਰ ਦੇ ਭਰਾ ਸਨ ।ਹਿੰਦੋਸਤਾਨ ਦੇ ਵਿੱਚ ਜਨਮੇ ਦੋ ਹੀ ਸ਼ਹੀਦ ਹਨ ਜਿੰਨਾਂ ਨੇ ਇੰਗਲੈਂਡ ਵਿੱਚ ਜਾ ਕੇ ਗੋਰੀ ਸਰਕਾਰ ਦੀਆਂ ਬੇਰਹਿਮੀਆਂ ਦਾ ਬਦਲਾ ਲਿਆ ਤੇ ਸ਼ਹੀਦੀ ਰੁੱਤਬੇ ਪਾਏ ,ਪਹਿਲੇ ਸ਼ਹੀਦ ਮਦਨ ਲਾਲ ਢੀਂਗਰਾ ਜੋ 1909 ਵਿੱਚ ਕਰਜ਼ਨ ਵਾਇਲੀ ਨੂੰ ਮਾਰ ਕੇ ਸ਼ਹੀਦ ਹੋਏ ਅਤੇ ਦੂਸਰੇ ਸ਼ਹੀਦ ਊਧਮ ਸਿੰਘ 1940 ਵਿੱਚ ਗਵਰਨ ਜਨਰਲ ਅਡਵਾਇਰ ਨੂੰ ਮਾਰ ਕੇ ਸ਼ਹੀਦ ਹੋਏ । ਇਹ ਸਾਰੇ ਸ਼ਹੀਦ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਦੇ ਇਤਿਹਾਸਕ ਪੰਨ੍ਹਿਆਂ ਦੇ ਸਦਾ ਚਮਕਦੇ ਰਹਿਣਗੇ।

ਮਨਮੋਹਨ ਸਿੰਘ ਪੂਨੀ (347) 753-5940
ਇੰਡੋ ਅਮੈਰੀਕਨ ਹੈਰੀਟੇਜ ਫ਼ਾਊਡੇਸ਼ਨ ਨਿਊਯਾਰਕ

# ਕੇਂਦਰੀ ਬਜਟ ਦਾ ਪੰਜਾਬ ਦੇ ਸੰਦਰਭ ਵਿਚ ਲੇਖਾ-ਜੋਖਾ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਹਰ ਸਾਲ ਕੇਂਦਰੀ ਬਜਟ ਪੇਸ਼ ਹੋਣ ਤੋਂ ਪਹਿਲਾਂ ਮੁਲਕ ਦੇ ਲੋਕਾਂ ਦੇ ਵੱਖ ਵੱਖ ਵਰਗ ਅਤੇ ਸੂਬਾ ਸਰਕਾਰਾਂ ਇਸ ਬੇਸਬਰੀ ਨਾਲ ਉਡੀਕ ਕਰਦੇ ਹੋਏ ਸੋਚਦੇ ਰਹਿੰਦੇ ਹਨ ਕਿ ਵਰਤਮਾਨ ਸਾਲ ਦੇ ਬਜਟ ਵਿਚ ਉਨ੍ਹਾਂ ਦੇ ਕਲਿਆਣ ਵਾਲੀ ਲੁਕੀ ਹੋਈ ਗਿੱਦੜਸਿੰਗੀ ਬਾਹਰ ਆਵੇਗੀ ਜਿਸ ਨਾਲ ਉਨ੍ਹਾਂ ਦੀ ਕਾਇਆ ਕਲਪ ਹੋ ਜਾਵੇਗੀ। ਅਸਲੀਅਤ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਬਜਟ ਉਨ੍ਹਾਂ ਦੀਆਂ ਨੀਤੀਆਂ ਦੀ ਬਹੁਤ ਹੀ ਛੋਟੀ ਜਿਹੀ ਝਲਕ ਹੁੰਦੇ ਹਨ ਅਤੇ ਉਹ ਵੀ ਅਕਸਰ ਭੁਲੇਖਾਪਾਊ ਕਿਉਂਕਿ ਬਜਟ ਤੋਂ ਪਹਿਲਾਂ ਅਤੇ ਪਿੱਛੋਂ ਸਰਕਾਰਾਂ ਲੋਕਾਂ ਦੇ ਚੋਣਵੇਂ ਵਰਗਾਂ, ਖ਼ਾਸ ਕਰਕੇ ਸਰਮਾਏਦਾਰKਕਾਰਪੋਰੇਟ ਜਗਤ, ਦੇ ਹੱਕ ਵਿਚ ਆਪਣੀਆਂ ਆਰਥਿਕ ਨੀਤੀਆਂ ਬਣਾਉਂਦੀਆਂ ਅਤੇ ਬਦਲਦੀਆਂ ਰਹਿੰਦੀਆਂ ਹੋਈਆਂ ਇਨ੍ਹਾਂ ਨੂੰ ਮੁਲਕKਸੂਬਿਆਂ ਦੇ ਆਰਥਿਕ ਵਿਕਾਸ ਜਾਂ ਹੋਰ ਪੱਖਾਂ ਦੀ ਬਿਹਤਰੀ ਲਈ ਜ਼ਰੂਰੀ ਗਰਦਾਨਦੀਆਂ ਦਿਖਾਈ ਦਿੰਦੀਆਂ ਹਨ।

1 ਫਰਵਰੀ, 2020 ਨੂੰ ਪੇਸ਼ ਕੀਤੇ ਗਏ ਕੇਂਦਰੀ ਬਜਟ ਨੇ ਪੰਜਾਬ ਦੇ ਲੋਕਾਂ, ਖ਼ਾਸ ਕਰਕੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਸੂਬਾ ਸਰਕਾਰ ਨੂੰ ਨਿਰਾਸ਼ ਹੀ ਕੀਤਾ ਹੈ। ਪੰਜਾਬ ਉਹ ਸੂਬਾ ਹੈ ਜਿਸ ਨੇ ਮੁਲਕ ਦੇ ਵੱਖ ਵੱਖ ਔਖੇ ਸਮਿਆਂ ਦੌਰਾਨ ਉਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਾਕੀ ਦੇ ਸੂਬਿਆਂ ਨਾਲੋਂ ਕਿਤੇ ਵੱਧ ਯੋਗਦਾਨ ਪਾਇਆ। ਮੁਲਕ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਦੌਰਾਨ ਦਿੱਤੀਆਂ ਗਈਆਂ ਕੁਰਬਾਨੀਆਂ ਦੌਰਾਨ 80 ਫ਼ੀਸਦ ਦੇ ਕਰੀਬ ਕੁਰਬਾਨੀਆਂ ਇਕੱਲੇ ਪੰਜਾਬ ਨੇ ਦਿੱਤੀਆਂ। 1947 ਵਿਚ ਮੁਲਕ ਦੀ ਆਜ਼ਾਦੀ ਤੋਂ ਬਾਅਦ ਪਾਕਿਸਤਾਨ ਨਾਲ ਹੋਈਆਂ ਤਿੰਨ ਲੜਾਈਆਂ ਦੌਰਾਨ ਪੰਜਾਬ ਦੇ ਲੋਕਾਂ ਨੇ ਵਿਸ਼ੇਸ਼ ਯੋਗਦਾਨ ਪਾਉਣ ਤੋਂ ਬਿਨਾਂ ਬਾਰਡਰ ਸੂਬਾ ਹੋਣ ਕਾਰਨ ਲੜਾਈਆਂ ਦੀ ਮਾਰ ਵੀ ਝੱਲੀ।

ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਦੀ ਜਗ੍ਹਾ ਉਦਯੋਗਿਕ ਵਿਕਾਸ ਨੂੰ ਦੇਣ ਅਤੇ 1964-66 ਦੌਰਾਨ ਮੁਲਕ ਵਿਚ ਪਏ ਸੋਕੇ ਕਾਰਨ ਜਿਸ ਸਮੇਂ ਭਾਰਤ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ ਭੁੱਖਮਰੀ ਵਰਗੇ ਹਾਲਾਤਾਂ ਦਾ ਸਾਹਮਣਾ ਕਰ ਰਿਹਾ ਸੀ ਤਾਂ ਕੇਂਦਰ ਸਰਕਾਰ ਨੇ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫ਼ੈਸਲਾ ਲਿਆ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਅਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ। ਕੇਂਦਰ ਰਸਕਾਰ ਨੇ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ ਖੇਤੀਬਾੜੀ ਦੀ ਇਸ ਜੁਗਤ ਨੂੰ ਸਭ ਤੋਂ ਪਹਿਲਾਂ ਤਰਜੀਹੀ ਤੌਰ ਉੱਤੇ ਪੰਜਾਬ ਸੂਬੇ ਵਿਚ ਸ਼ੁਰੂ ਕਰਨ ਦਾ ਨਿਰਣਾ ਕੀਤਾ ਜਿਸ ਪਿੱਛੇ ਇੱਥੋਂ ਦੇ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰੀ ਅਤੇ ਅਮੀਰ ਕੁਦਰਤੀ ਸਾਧਨ ਜਿਵੇਂ ਜ਼ਮੀਨ ਹੇਠਲਾ ਪਾਣੀ, ਉਪਜਾਊ ਜ਼ਮੀਨ ਅਤੇ ਖੇਤੀਬਾੜੀ ਦੀ ਉਤਪਾਦਕਿਤਾ ਅਤੇ ਉਪਜ ਵਧਾਉਣ ਲਈ ਲੋੜੀਂਦਾ ਜਲਵਾਯੂ ਸਨ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇਥੋਂ ਦੇ ਕੁਦਰਤੀ ਸਾਧਨਾਂ ਦੀ ਵਰਤੋਂ ਸਦਕਾ ਇੱਥੋਂ ਦੀ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿਚ ਅਥਾਹ ਵਾਧਾ ਹੋਇਆ ਜਿਸ ਨਾਲ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਣ ਦੇ ਨਾਲ ਮੁਲਕ ਦੇ ਸਰਮ-ਾਏ ਅਤੇ ਹੋਰ ਸਮੱਸਿਆਵਾ ਦੇ ਪੱਖ ਤੋਂ ਵੀ ਖਹਿੜਾ ਛੁਟਿਆ ਕਿਉਂਕਿ ਇਸ ਕਾਮਯਾਬੀ ਤੋਂ ਪਹਿਲਾ ਭਾਰਤ ਵਿਚ ਭੁੱਖਮਰੀ ਵਰਗੇ ਹਾਲਤਾਂ ਕਾਰਨ ਅਮਰੀਕਾ ਤੋਂ ਪੀ.ਐੱਲ. 480 ਅਧੀਨ ਅਨਾਜ ਮੰਗਵਾਉਣ ਕਾਰਨ ਮੁਲਕ ਨੂੰ ਉਸ ਦੀ ਵੱਡੀ ਕੀਮਤ ਤਾਰਨੀ ਪਈ।

ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਸ਼ੁਰੂ ਕਰਨ ਅਤੇ ਉਸ ਦੇ ਕਾਮਯਾਬ ਹੋਣ ਤੋਂ ਬਾਅਦ ਰਕਬੇ ਪੱਖੋਂ ਇਹ ਬਹੁਤ ਹੀ ਛੋਟਾ (1.54 ਫ਼ੀਸਦ) ਸੂਬਾ ਲੰਬੇ ਸਮੇਂ ਲਈ ਕੇਂਦਰੀ ਅਨਾਜ ਭੰਡਾਰ ਵਿਚ ਖੇਤੀਬਾੜੀ ਦੀਆਂ ਦੋ ਮੁੱਖ ਜਿਨਸਾਂ ਕਣਕ ਅਤੇ ਧਾਨ ਦੇ ਸੰਬੰਧ ਵਿਚ 50 ਫ਼ੀਸਦ ਦੇ ਕਰੀਬ ਹਿੱਸਾ ਪਾਉਂਦਾ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਕੇਂਦਰ ਸਰਕਾਰ ਵੱਲੋਂ ਮੁਲਕ ਦੇ ਕੁਝ ਹੋਰ ਸੂਬਿਆਂ ਵਿਚ ਖੇਤੀਬਾੜੀ ਦੇ ਵਿਕਾਸ ਲਈ ਤਰਜੀਹੀ ਨੀਤੀਆਂ ਲਾਗੂ ਕਰਨ ਦੇ ਨਤੀਜੇ ਵਜੋਂ ਭਾਵੇਂ ਪੰਜਾਬ ਦਾ ਇਹ ਯੋਗਦਾਨ ਕੁਝ ਘਟਿਆ ਹੈ, ਪਰ ਵਰਤਮਾਨ ਸਮੇਂ ਦੌਰਾਨ ਵੀ ਇਹ ਯੋਗਦਾਨ 32 ਫ਼ੀਸਦ ਦੇ ਕਰੀਬ ਹੈ। ਇਸ ਸੰਬੰਧ ਵਿਚ ਇਕ ਬਹੁਤ ਹੀ ਮਹੱਤਵਪੂਰਨ ਤੱਥ ਜਾਨਣਾ ਬਹੁਤ ਜ਼ਰੂਰੀ ਹੈ ਕਿ ਕੁਦਰਤੀ ਆਫ਼ਤਾਂ ਮੌਕੇ ਮੁਲਕ ਦੀ ਅਨਾਜ ਸੁਰੱਖਿਆ ਪੰਜਾਬ ਦੇ ਸਿਰ ਹੀ ਹੁੰਦੀ ਹੈ। ਸੋਕੇ ਮੌਕੇ ਪੰਜਾਬ ਦਾ ਕੇਂਦਰੀ ਅਨਾਜ ਭੰਡਾਰ ਵਿਚ ਯੋਗਦਾਨ ਸਥਿਰ ਹੀ ਨਹੀਂ ਰਹਿੰਦਾ, ਸਗੋਂ ਧਾਨ ਦੀ ਜਿਨਸ ਦੇ ਸੰਬੰਧ ਵਿਚ ਵਧ ਜਾਂਦਾ ਹੈ ਜਿਸ ਦੀ ਕੀਮਤ ਇੱਥੋਂ ਦੇ ਕਿਸਾਨਾਂ ਅਤੇ ਸਰਕਾਰ ਨੂੰ ਚੁਕਾਉਣੀ ਪੈਂਦੀ ਹੈ। ਭਾਵੇਂ ਵਰਤਮਾਨ ਸਮੇਂ ਦੌਰਾਨ ਪੰਜਾਬ ਸਰਕਾਰ ਇੱਥੋਂ ਦੇ ਕਿਸਾਨਾਂ ਨੂੰ ਸਿੰਚਾਈ ਦੀ ਸਹੂਲਤ ਮੁਫ਼ਤ ਦੇ ਰਹੀ ਹੈ, ਪਰ ਸੋਕੇ ਕਾਰਨ ਸੂਬਾ ਸਰਕਾਰ ਨੂੰ ਬਿਜਲੀ ਦਾ ਵਧਿਆ ਹੋਇਆ ਖ਼ਰਚ ਅਤੇ ਸਿੰਚਾਈ ਦੀਆਂ ਲੋੜਾਂ ਅਨੁਸਾਰ ਬਿਜਲੀ ਦੀ ਪੂਰਤੀ ਦੇ ਨਾ ਹੋਣ ਕਾਰਨ ਕਿਸਾਨਾਂ ਨੂੰ ਆਪਣੇ ਜਾਂ ਕਿਰਾਏ ਦੇ ਟਰੈਕਟਰਾਂ ਦੁਆਰਾ ਸਿੰਚਾਈ ਕਰਨ ਲਈ ਡੀਜ਼ਲ, ਮਸ਼ੀਨਰੀ ਦੀ ਘਿਸਾਈ ਅਤੇ ਹੋਰ ਖ਼ਰਚੇ ਝੱਲਣੇ ਪੈਂਦੇ ਹਨ।

ਲੰਬੇ ਸਮੇਂ ਤੋਂ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਨਾਲ ਸੰਬੰਧਿਤ ਅਪਣਾਈਆਂ ਗਈਆਂ ਨੀਤੀਆਂ ਵਜੋਂ ਪੰਜਾਬ ਨੂੰ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਲਗਾਤਾਰ ਥੱਲੇ ਜਾਣ, ਵਾਤਾਵਰਨ ਦੇ ਗੰਧਲਾ ਹੋਣ, ਫ਼ਸਲੀ ਵੰਨ-ਸੁਵੰਨਤਾ ਦੀ ਅਣਹੋਂਦ ਅਤੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਛੋਟੇ ਕਾਰੀਗਰਾਂ ਦੀ ਦਿਨੋਂ ਦਿਨ ਹੋ ਰਹੀ ਮਾੜੀ ਆਰਥਿਕ ਹਾਲਾਤ ਸੰਬੰਧੀ ਪ੍ਰਮੁੱਖ ਸਮੱਸਿਆਵਾਂ ਅਤੇ ਨੀਤੀ-ਘਾ-ੜਆਂ ਵੱਲੋਂ ਅਕਸਰ ਇਨ੍ਹਾਂ ਸਮੱਸਿਆਵਾਂ ਲਈ ਪੰਜਾਬ ਦੇ ਖੇਤੀਬਾੜੀ ਨਾਲ ਸੰਬੰਧਿਤ ਵਰਗਾਂ, ਖ਼ਾਸ ਕਰਕੇ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਪੰਜਾਬ ਵਿਚ ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਤੋਂ ਪਹਿਲਾਂ ਧਰਤੀ ਹੇਠਲੇ ਪਾਣੀ ਦਾ ਪੱਧਰ ਇੱਥੋਂ ਦੀ ਸਿੰਚਾਈ ਦੀਆਂ ਲੋੜਾਂ ਲਈ ਕਿਸੇ ਵੀ ਪੱਖੋਂ ਘੱਟ ਨਹੀਂ ਸੀ। ਖੇਤੀਬਾੜੀ ਦੀ ਇਸ ਜੁਗਤ ਦੀ ਪੰਜਾਬ ਵਿਚ ਸ਼ੁਰੂਆਤ ਕਣਕ ਤੋਂ ਕੀਤੀ ਗਈ। ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਕੀਤੇ ਗਏ ਅਥਾਹ ਵਾਧੇ ਸਦਕਾ ਕੇਂਦਰੀ ਅਨਾਜ ਭੰਡਾਰ ਵਿਚ ਇਸ ਦੇ ਸ਼ਾਨਦਾਰ ਯੋਗਦਾਨ ਨੂੰ ਧਿਆਨ ਵਿਚ ਰੱਖਦੇ ਹੋਏ 1973 ਤੋਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਪੰਜਾਬ ਦੇ ਸਿਰ ਮੜ੍ਹ ਦਿੱਤੀ ਗਈ ਜਿਹੜੀ ਇੱਥੋਂ ਦੇ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਕਿਸੇ ਵੀ ਤਰ੍ਹਾਂ ਢੁਕਵੀਂ ਨਹੀਂ ਹੈ। ਝੋਨੇ ਦੀ ਫ਼ਸਲ ਦੀ ਲਵਾਈ ਕਾਰਨ ਪੰਜਾਬ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਚਿੰਤਾਜਨਕ ਪੱਧਰ ਤੱਥ ਥੱਲੇ ਜਾਣ, ਵਾਤਾਵਰਨ ਦੇ ਗੰਧਲੇਪਣ, ਫ਼ਸਲੀ ਵੰਨ-ਸੁਵੰਨਤਾ ਦੀ ਅਣਹੋਂਦ ਅਤੇ ਕਿਸਾਨਾਂ ਸਿਰ ਵਧਦੇ ਕਰਜ਼ੇ ਸੰਬੰਧੀ ਸਮੱਸਿਆਵਾਂ ਹੰਢਾਉਣ ਲਈ ਮਜ਼ਬੂਰ ਹੈ।

ਅੱਜਕੱਲ੍ਹ ਪੰਜਾਬ ਵਿਚ ਤਿੰਨ-ਚੌਥਾਈ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਚਿੰਤਾਜਨਕ ਪੱਧਰ ਤੱਕ ਹੇਠਾਂ ਚਲਾ ਗਿਆ ਹੈ ਜਿਸ ਦੀ ਕੀਮਤ ਮੁੱਖ ਤੌਰ ਉੱਤੇ ਇੱਥੋਂ ਦੇ ਕਿਸਾਨਾਂ ਅਤੇ ਸਰਕਾਰ ਨੂੰ ਦੇਣੀ ਪੈ ਰਹੀ ਹੈ। ਪੰਜਾਬ ਵਿਚ ਝੋਨੇ ਦੀ ਫ਼ਸਲ ਛੱਪੜ-ਸਿੰਚਾਈ ਵਿਧੀ ਰਾਹੀਂ ਕੀਤੀ ਜਾਂਦੀ ਹੈ। 1960-61 ਦੌਰਾਨ ਪੰਜਾਬ ਵਿਚ ਖੇਤੀਬਾੜੀ ਸਿੰਚਾਈ ਮੁੱਖ ਤੌਰ ਉੱਤੇ ਨਹਿਰਾਂ ਅਤੇ ਖੂਹਾਂ ਦੁਆਰਾ ਕੀਤੀ ਜਾਣ ਕਾਰਨ ਟਿਊਵੈੱਲਾਂ ਦੀ ਗਿਣਤੀ ਸਿਰਫ਼ 7445 ਸੀ ਜਿਹੜੀ ਹੁਣ ਧਾਨ ਦੀ ਫ਼ਸਲ ਦੀਆਂ ਸਿੰਚਾਈ ਦੀਆਂ ਲੋੜਾਂ ਕਾਰਨ ਵਰਤਮਾਨ ਸਮੇਂ ਦੌਰਾਨ 15 ਲੱਖ ਦੇ ਕਰੀਬ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਇਤਨਾ ਨੀਵਾਂ ਚਲਾ ਗਿਆ ਹੈ ਕਿ ਪੰਜਾਬ ਦੇ ਬਹੁਤੇ ਹਿੱਸਿਆਂ ਵਿਚ ਮੋਨੋਬਲਾਕ ਮੋਟਰਾਂ ਦੇ ਕੰਮ ਨਾ ਕਰਨ ਕਰਕੇ ਕਿਸਾਨਾਂ ਨੂੰ ਸਬਰਸੀਬਲ ਮੋਟਰਾਂ ਮਜ਼ਬੂਰੀਵਸ ਲਵਾਉਣੀਆਂ ਪਈਆਂ ਹਨ ਜਿਹੜੀਆਂ ਉਨ੍ਹਾਂ ਦੇ ਕਰਜ਼ੇ ਵਿਚ ਵਾਧੇ ਦਾ ਇੱਕ ਕਾਰਨ ਬਣੀਆਂ ਹਨ। ਇਸ ਤੋਂ ਬਿਨਾਂ ਦਰਿਆਈ ਪਾਣੀਆਂ ਦੀ ਵੰਡ ਦੇ ਸੰਬੰਧ ਵਿਚ ਵੀ ਪੰਜਾਬ ਨਾਲ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਧਾਨ ਦੀ ਫ਼ਸਲ ਦੀ ਲਵਾਈ ਲਈ ਛੱਪੜ-ਸਿੰਚਾਈ ਕਾਰਨ ਮਿਥੇਨ ਗੈਸ ਅਤੇ ਧਾਨ ਦੀ ਪਰਾਲੀ ਨੂੰ ਅੱਗ ਲਗਾਉਣ ਕਾਰਨ ਕਾਰਬਨਡਾਈਅਕਸਾਈਡ ਗੈਸ ਅਤੇ ਧੂੰਏਂ ਦੇ ਕਣਾਂ ਕਾਰਨ ਅਤੇ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚ ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ ਅਤੇ ਹੋਰ ਰਸਾਣਿਕਾਂ ਦੀ ਵਰਤੋਂ ਪੰਜਾਬ ਵਿਚ ਵਾਤਾਵਰਨ ਨੂੰ ਲਗਾਤਾਰ ਗੰਧਲਾ ਕਰ ਰਹੀ ਹੈ। ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਅਤੇ ਧਾਨ ਦੀ ਫ਼ਸਲ ਦੀ ਲਵਾਈ ਤੋਂ ਪਹਿਲਾਂ ਖੇਤੀ ਵੰਨ-ਸੁਵੰਨਤਾ ਸੀ ਜੋ ਇੱਥੋਂ ਦੇ ਹਵਾ-ਪਾਣੀ, ਲੋਕਾਂ ਅਤੇ ਪਸ਼ੂਆਂ-ਪੰਛੀਆਂ ਲਈ ਬਹੁਤ ਢੁਕਵੀਂ ਸੀ। ਖੇਤੀਬਾੜੀ ਜਿਨਸਾਂ ਦੀਆਂ ਘੱਟੋਂ-ਘੱਟ ਸਮਰਥਨ ਕੀਮਤਾਂ ਦੀ ਨੀਤੀ ਨੇ ਇਸ ਨੂੰ ਖੋਹ ਲਿਆ ਜਿਸ ਕਾਰਨ ਇੱਥੇ ਮੁੱਖ ਤੌਰ ਉੱਤੇ ਕਣਕ-ਧਾਨ ਫ਼ਸਲੀ ਚੱਕਰ ਹੈ ਜੋ ਵੱਖ ਵੱਖ ਸਮੱਸਿਆਵਾਂ ਪੈਦਾ ਕਰ ਰਿਹਾ ਹੈ।

ਕਹਿਣ ਨੂੰ ਤਾਂ ਪੰਜਾਬ ਦੀ ਆਪਣੀ ਕੋਈ ਖੇਤੀਬਾੜੀ ਨੀਤੀ ਨਹੀਂ ਹੈ ਪਰ ਅਸਲੀਅਤ ਵਿਚ ਅਜਿਹਾ ਹੋ ਨਹੀਂ ਸਕਦਾ ਕਿਉਂਕਿ ਵਰਤਮਾਨ ਸਮੇਂ ਤੱਕ ਖੇਤੀਬਾੜੀ ਜਿਨਸਾਂ ਦੇ ਤੈਆ ਕਾਰਨ, ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਮੁੱਖ ਸਾਧਨਾਂ ਦੀ ਕੀਮਤਾਂ ਨੂੰ ਤੈਅ ਕਾਰਨ ਜਾਂ ਇਸ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰਨ, ਖੇਤੀਬਾੜੀ ਜਿਨਸਾਂ ਦੀ ਆਯਾਤ ਜਾਂ ਨਿਰਯਾਤ ਕਰਨ ਖੇਤੀਬਾੜੀ ਖੇਤਰ ਲਈ ਸੰਸਥਾਗਤ ਵਿੱਤ ਵਿਵਸਥਾ ਆਦਿ ਦੇ ਸੰਬੰਧ ਵਿਚ ਫ਼ੈਸਲੇ ਕੇਂਦਰ ਸਰਕਾਰ ਦੇ ਹੱਥਾਂ ਵਿਚ ਹਨ। ਮੁੱਖ ਤੌਰ ਉੱਤੇ ਇਨ੍ਹਾਂ ਨੀਤੀਆਂ ਕਾਰਨ ਪੰਜਾਬ ਦੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਅਸਿਹ ਕਰਜ਼ਾ ਅਤੇ ਘੋਰ ਗ਼ਰੀਬੀ ਹੰਢ-ਾਉਣ ਲਈ ਮਜ਼ਬੂਰ ਹਨ ਅਤੇ ਇਨ੍ਹਾਂ ਵਰਗਾਂ ਦੇ ਲੋਕ ਖ਼ੁਦਕੁਸ਼ੀਆਂ ਦੇ ਰਾਹ ਵੀ ਪੈ ਰਹੇ ਹਨ। ਕੇਂਦਰ ਸਰਕਾਰ ਦੇ ਵਰਤਮਾਨ ਬਜਟ ਦੀਆਂ ਤਜਵੀਜ਼ਾਂ ਅਨੁਸਾਰ ਰਸਾਇਣਿਕ ਖਾਦਾਂ ਉੱਪਰ ਸਬਸਿਡੀਆਂ ਨੂੰ ਘਟਾਉਣ ਕਾਰਨ ਉਨ੍ਹਾਂ ਦੇ ਮਹਿੰਗਾ ਹੋਣ ਦਾ ਮਾਰੂ ਅਸਰ ਸੁਭ-ਾਵਿਕ ਤੌਰ ਉੱਪਰ ਇੱਥੋਂ ਦੇ ਕਿਸਾਨਾਂ ਉੱਪਰ ਪਵੇਗਾ। ਕੇਂਦਰ ਸਰਕਾਰ ਦੀ ਸੋਲਰ ਊਰਜਾ ਸੰਬੰਧੀ ਤਜਵੀਜ਼ ਬੰਜਰ ਜ਼ਮੀਨਾਂ ਲਈ ਹੈ, ਹਾਲ ਦੀ ਘੜੀ ਉਸ ਤਰ੍ਹਾਂ ਦੀ ਬੰਜਰ ਜ਼ਮੀਨ ਪੰਜਾਬ ਵਿਚ ਨਹੀਂ ਹੈ। ਧਰਤੀ ਹੇਠਲੇ ਪਾਣੀ ਦੀ ਥੁੜ੍ਹ ਦੀ ਸਮੱਸਿਆ ਨਾਲ ਨਜਿੱਠਣ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਲਈ ਜਿਹੜੇ 100 ਜ਼ਿਲ੍ਹਿਆਂ ਦੀ ਗੱਲ ਕੀਤੀ ਗਈ ਹੈ ਉਨ੍ਹਾਂ ਵਿਚੋਂ ਇਕ ਵੀ ਪੰਜਾਬ ਦਾ ਨਹੀਂ। ਫ਼ਸਲੀ ਬੀਮੇਂ ਦੀ ਤਜਵੀਜ਼ ਦੇ ਪੰਜਾਬ ਦੇ ਕਿਸਾਨਾਂ ਦੇ ਪੱਖ ਵਿਚ ਨਾ ਹੋਣ ਕਾਰਨ ਇਸ ਨੂੰ ਵਰਤਮਾਨ ਕਾਂਗਰਸ ਅਤੇ ਇਸ ਤੋਂ ਪਹਿਲਾਂ ਦੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰਾਂ ਪਹਿਲਾਂ ਹੀ ਨਕਾਰ ਚੁੱਕੀਆਂ ਹਨ। 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਲਗਾਤਾਰ ਵਧਦੀ ਵਰਤੋਂ ਕਾਰਨ ਪੈਦਾ ਹੋਈ ਪੇਂਡੂ ਬੇਰੁਜ਼ਗਾਰੀ ਦੀ ਸਮੱਸਿਆ ਲਈ ਸ਼ੁਰੂ ਕੀਤੀ ਗਈ ਸਕੀਮ ਮਨਰੇਗਾ ਦੇ ਬਜਟ ਵਿਚ 13.38 ਫ਼ੀਸਦ ਦੀ ਕਟੌਤੀ ਪਹਿਲਾਂ ਤੋਂ ਹੀ ਇਸ ਸਕੀਮ ਦੀਆਂ ਕਮੀਆਂ ਨੂੰ ਹੋਰ ਵਧ-ਾਉਣਗੇ। ਪੰਜਾਬ ਦੇ ਬਾਰਡਰ ਸੂਬਾ ਹੋਣ ਸੰਬੰਧੀ ਹੰਢਾਈਆਂ ਜਾ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਇਸ ਬਜਟ ਵਿਚ ਕੋਈ ਵੀ ਤਜਵੀਜ ਨਹੀਂ ਹੈ। ਇਸ ਤੋਂ ਬਿਨਾਂ ਜੀ.ਐੱਸ.ਟੀ. ਜਿਸ ਨੂੰ ਲਾਗੂ ਕਰਵਾਉਣ ਲਈ ਪੰਜਾਬ ਦੀਆਂ ਮੁੱਖ ਰਾਜਸੀ ਪਾਰਟੀਆਂ ਨੇ ਅੱਡੀਆਂ ਚੁੱਕ ਕੇ ਸਮਰਥਨ ਕੀਤਾ ਸੀ ਦੇ ਸੰਬੰਧ ਵਿਚ ਪੰਜਾਬ ਲਈ ਕੋਈ ਤਜਵੀਜ਼ ਨਾ ਹੋਣ ਦੇ ਨਾਲ ਨਾਲ ਮੁਲਕ ਦੇ 15ਵੇਂ ਵਿੱਤ ਕਮਿਸ਼ਨ ਵੱਲੋਂ ਪੰਜਾਬ ਲਈ ਕੋਈ ਵੀ ਲੋੜੀਂਦੀ ਅਤੇ ਢੁਕਵੀਂ ਸਿਫ਼ਾਰਸ਼ ਨਹੀਂ ਹੈ। ਖੇਤੀਬਾੜੀ ਖੇਤਰ ਦੇ ਸੰਬੰਧ ਵਿਚ ਤਜ਼ਵੀਜ ਕੀਤਾ ਗਿਆ ਪੀ.ਪੀ.ਪੀ. ਮਾਡਲ ਪੂਰੇ ਮੁਲਕ ਸਮੇਤ ਪੰਜਾਬ ਲਈ ਅਰਥੀ ਊਠ ਸਾਬਤ ਹੋਵੇਗਾ। ਕੇਂਦਰੀ ਬਜਟ ਦਾ ਲੇਖਾ-ਜੋਖਾ ਪੰਜਾਬ ਲਈ ਨਿਰਾ ਸ਼ਾਜਨਕ ਹੈ ਜਿਸ ਉੱਤੇ ਮੁੜ ਤੋਂ ਵਿਚਾਰ ਕਰਨ ਦੀ ਲੋੜ ਹੈ।

ਸਮੱਸਿਆਵਾਂ ਲਈ ਪੰਜਾਬ ਦੇ ਖੇਤੀਬਾੜੀ ਨਾਲ ਸੰਬੰਧਿਤ ਵਰਗਾਂ, ਖ਼ਾਸ ਕਰਕੇ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

ਪੰਜਾਬ ਵਿਚ ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਤੋਂ ਪਹਿਲਾਂ ਧਰਤੀ ਹੇਠਲੇ ਪਾਣੀ ਦਾ ਪੱਧਰ ਇੱਥੋਂ ਦੀ ਸਿੰਚਾਈ ਦੀਆਂ ਲੋੜਾਂ ਲਈ ਕਿਸੇ ਵੀ ਪੱਖੋਂ ਘੱਟ ਨਹੀਂ ਸੀ। ਖੇਤੀਬਾੜੀ ਦੀ ਇਸ ਜੁਗਤ ਦੀ ਪੰਜਾਬ ਵਿਚ ਸ਼ੁਰੂਆਤ ਕਣਕ ਤੋਂ ਕੀਤੀ ਗਈ। ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਕੀਤੇ ਗਏ ਅਥਾਹ ਵਾਧੇ ਸਦਕਾ ਕੇਂਦਰੀ ਅਨਾਜ ਭੰਡਾਰ ਵਿਚ ਇਸ ਦੇ ਸ਼ਾਨਦਾਰ ਯੋਗਦਾਨ ਨੂੰ ਧਿਆਨ ਵਿਚ ਰੱਖਦੇ ਹੋਏ 1973 ਤੋਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਪੰਜਾਬ ਦੇ ਸਿਰ ਮੜ੍ਹ ਦਿੱਤੀ ਗਈ ਜਿਹੜੀ ਇੱਥੋਂ ਦੇ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਕਿਸੇ ਵੀ ਤਰ੍ਹਾਂ ਢੁਕਵੀਂ ਨਹੀਂ ਹੈ। ਝੋਨੇ ਦੀ ਫ਼ਸਲ ਦੀ ਲਵਾਈ ਕਾਰਨ ਪੰਜਾਬ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਚਿੰਤਾਜਨਕ ਪੱਧਰ ਤੱਥ ਥੱਲੇ ਜਾਣ, ਵਾਤਾਵਰਨ ਦੇ ਗੰਧਲੇਪਣ, ਫ਼ਸਲੀ ਵੰਨ-ਸੁਵੰਨਤਾ ਦੀ ਅਣਹੋਂਦ ਅਤੇ ਕਿਸਾਨਾਂ ਸਿਰ ਵਧਦੇ ਕਰਜ਼ੇ ਸੰਬੰਧੀ ਸਮੱਸਿਆਵਾਂ ਹੰਢਾਉਣ ਲਈ ਮਜ਼ਬੂਰ ਹੈ।

ਅੱਜਕੱਲ੍ਹ ਪੰਜਾਬ ਵਿਚ ਤਿੰਨ-ਚੌਥਾਈ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਚਿੰਤਾਜਨਕ ਪੱਧਰ ਤੱਕ ਹੇਠਾਂ ਚਲਾ ਗਿਆ ਹੈ ਜਿਸ ਦੀ ਕੀਮਤ ਮੁੱਖ ਤੌਰ ਉੱਤੇ ਇੱਥੋਂ ਦੇ ਕਿਸਾਨਾਂ ਅਤੇ ਸਰਕਾਰ ਨੂੰ ਦੇਣੀ ਪੈ ਰਹੀ ਹੈ। ਪੰਜਾਬ ਵਿਚ ਝੋਨੇ ਦੀ ਫ਼ਸਲ ਛੱਪੜ-ਸਿੰਚਾਈ ਵਿਧੀ ਰਾਹੀਂ ਕੀਤੀ ਜਾਂਦੀ ਹੈ। 1960-61 ਦੌਰਾਨ ਪੰਜਾਬ ਵਿਚ ਖੇਤੀਬਾੜੀ ਸਿੰਚਾਈ ਮੁੱਖ ਤੌਰ ਉੱਤੇ ਨਹਿਰਾਂ ਅਤੇ ਖੂਹਾਂ ਦੁਆਰਾ ਕੀਤੀ ਜਾਣ ਕਾਰਨ ਟਿਊਵੈੱਲਾਂ ਦੀ ਗਿਣਤੀ ਸਿਰਫ਼ 7445 ਸੀ ਜਿਹੜੀ ਹੁਣ ਧਾਨ ਦੀ ਫ਼ਸਲ ਦੀਆਂ ਸਿੰਚਾਈ ਦੀਆਂ ਲੋੜਾਂ ਕਾਰਨ ਵਰਤਮਾਨ ਸਮੇਂ ਦੌਰਾਨ 15 ਲੱਖ ਦੇ ਕਰੀਬ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਇਤਨਾ ਨੀਵਾਂ ਚਲਾ ਗਿਆ ਹੈ ਕਿ ਪੰਜਾਬ ਦੇ ਬਹੁਤੇ ਹਿੱਸਿਆਂ ਵਿਚ ਮੋਨੋਬਲਾਕ ਮੋਟਰਾਂ ਦੇ ਕੰਮ ਨਾ ਕਰਨ ਕਰਕੇ ਕਿਸਾਨਾਂ ਨੂੰ ਸਬਰਸੀਬਲ ਮੋਟਰਾਂ ਮਜ਼ਬੂਰੀਵਸ ਲਵਾਉਣੀਆਂ ਪਈਆਂ ਹਨ ਜਿਹੜੀਆਂ ਉਨ੍ਹਾਂ ਦੇ ਕਰਜ਼ੇ ਵਿਚ ਵਾਧੇ ਦਾ ਇੱਕ ਕਾਰਨ ਬਣੀਆਂ ਹਨ। ਇਸ ਤੋਂ ਬਿਨਾਂ ਦਰਿਆਈ ਪਾਣੀਆਂ ਦੀ ਵੰਡ ਦੇ ਸੰਬੰਧ ਵਿਚ ਵੀ ਪੰਜਾਬ ਨਾਲ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਧਾਨ ਦੀ ਫ਼ਸਲ ਦੀ ਲਵਾਈ ਲਈ ਛੱਪੜ-ਸਿੰਚਾਈ ਕਾਰਨ ਮਿਥੇਨ ਗੈਸ ਅਤੇ ਧਾਨ ਦੀ ਪਰਾਲੀ ਨੂੰ ਅੱਗ ਲਗਾਉਣ ਕਾਰਨ ਕਾਰਬਨਡਾਈ ਅਕਸਾਈਡ ਗੈਸ ਅਤੇ ਧੂੰਏਂ ਦੇ ਕਣਾਂ ਕਾਰਨ ਅਤੇ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚ ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ ਅਤੇ ਹੋਰ ਰਸਾਣਿਕਾਂ ਦੀ ਵਰਤੋਂ ਪੰਜਾਬ ਵਿਚ ਵਾਤਾਵਰਨ ਨੂੰ ਲਗਾਤਾਰ ਗੰਧਲਾ ਕਰ ਰਹੀ ਹੈ। ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਅਤੇ ਧਾਨ ਦੀ ਫ਼ਸਲ ਦੀ ਲਵਾਈ ਤੋਂ ਪਹਿਲਾਂ ਖੇਤੀ ਵੰਨ-ਸੁਵੰਨਤਾ ਸੀ ਜੋ ਇੱਥੋਂ ਦੇ ਹਵਾ-ਪਾਣੀ, ਲੋਕਾਂ ਅਤੇ ਪਸ਼ੂਆਂ-ਪੰਛੀਆਂ ਲਈ ਬਹੁਤ ਢੁਕਵੀਂ ਸੀ। ਖੇਤੀਬਾੜੀ ਜਿਨਸਾਂ ਦੀਆਂ ਘੱਟੋਂ-ਘੱਟ ਸਮਰਥਨ ਕੀਮਤਾਂ ਦੀ ਨੀਤੀ ਨੇ ਇਸ ਨੂੰ ਖੋਹ ਲਿਆ ਜਿਸ ਕਾਰਨ ਇੱਥੇ ਮੁੱਖ ਤੌਰ ਉੱਤੇ ਕਣਕ-ਧਾਨ ਫ਼ਸਲੀ ਚੱਕਰ ਹੈ ਜੋ ਵੱਖ ਵੱਖ ਸਮੱਸਿਆਵਾਂ ਪੈਦਾ ਕਰ ਰਿਹਾ ਹੈ।

ਕਹਿਣ ਨੂੰ ਤਾਂ ਪੰਜਾਬ ਦੀ ਆਪਣੀ ਕੋਈ ਖੇਤੀਬਾੜੀ ਨੀਤੀ ਨਹੀਂ ਹੈ ਪਰ ਅਸਲੀਅਤ ਵਿਚ ਅਜਿਹਾ ਹੋ ਨਹੀਂ ਸਕਦਾ ਕਿਉਂਕਿ ਵਰਤਮਾਨ ਸਮੇਂ ਤੱਕ ਖੇਤੀਬਾੜੀ ਜਿਨਸਾਂ ਦੇ ਤੈਆ ਕਾਰਨ, ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਮੁੱਖ ਸਾਧਨਾਂ ਦੀ ਕੀਮਤਾਂ ਨੂੰ ਤੈਅ ਕਾਰਨ ਜਾਂ ਇਸ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰਨ, ਖੇਤੀਬਾੜੀ ਜਿਨਸਾਂ ਦੀ ਆਯਾਤ ਜਾਂ ਨਿਰਯਾਤ ਕਰਨ ਖੇਤੀਬਾੜੀ ਖੇਤਰ ਲਈ ਸੰਸਥਾਗਤ ਵਿੱਤ ਵਿਵਸਥਾ ਆਦਿ ਦੇ ਸੰਬੰਧ ਵਿਚ ਫ਼ੈਸਲੇ ਕੇਂਦਰ ਸਰਕਾਰ ਦੇ ਹੱਥਾਂ ਵਿਚ ਹਨ। ਮੁੱਖ ਤੌਰ ਉੱਤੇ ਇਨ੍ਹਾਂ ਨੀਤੀਆਂ ਕਾਰਨ ਪੰਜਾਬ ਦੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਅਸਿਹ ਕਰਜ਼ਾ ਅਤੇ ਘੋਰ ਗ਼ਰੀਬੀ ਹੰਢ-ਾਉਣ ਲਈ ਮਜ਼ਬੂਰ ਹਨ ਅਤੇ ਇਨ੍ਹਾਂ ਵਰਗਾਂ ਦੇ ਲੋਕ ਖ਼ੁਦਕੁਸ਼ੀਆਂ ਦੇ ਰਾਹ ਵੀ ਪੈ ਰਹੇ ਹਨ।

ਕੇਂਦਰ ਸਰਕਾਰ ਦੇ ਵਰਤਮਾਨ ਬਜਟ ਦੀਆਂ ਤਜਵੀਜ਼ਾਂ ਅਨੁਸਾਰ ਰਸਾਇਣਿਕ ਖਾਦਾਂ ਉੱਪਰ ਸਬਸਿਡੀਆਂ ਨੂੰ ਘਟਾਉਣ ਕਾਰਨ ਉਨ੍ਹਾਂ ਦੇ ਮਹਿੰਗਾ ਹੋਣ ਦਾ ਮਾਰੂ ਅਸਰ ਸੁਭਾਵਿਕ ਤੌਰ ਉੱਪਰ ਇੱਥੋਂ ਦੇ ਕਿਸਾਨਾਂ ਉੱਪਰ ਪਵੇਗਾ। ਕੇਂਦਰ ਸਰਕਾਰ ਦੀ ਸੋਲਰ ਊਰਜਾ ਸੰਬੰਧੀ ਤਜਵੀਜ਼ ਬੰਜਰ ਜ਼ਮੀਨਾਂ ਲਈ ਹੈ, ਹਾਲ ਦੀ ਘੜੀ ਉਸ ਤਰ੍ਹਾਂ ਦੀ ਬੰਜਰ ਜ਼ਮੀਨ ਪੰਜਾਬ ਵਿਚ ਨਹੀਂ ਹੈ। ਧਰਤੀ ਹੇਠਲੇ ਪਾਣੀ ਦੀ ਥੁੜ੍ਹ ਦੀ ਸਮੱਸਿਆ ਨਾਲ ਨਜਿੱਠਣ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਲਈ ਜਿਹੜੇ 100 ਜ਼ਿਲ੍ਹਿਆਂ ਦੀ ਗੱਲ ਕੀਤੀ ਗਈ ਹੈ ਉਨ੍ਹਾਂ ਵਿਚੋਂ ਇਕ ਵੀ ਪੰਜਾਬ ਦਾ ਨਹੀਂ। ਫ਼ਸਲੀ ਬੀਮੇਂ ਦੀ ਤਜਵੀਜ਼ ਦੇ ਪੰਜਾਬ ਦੇ ਕਿਸਾਨਾਂ ਦੇ ਪੱਖ ਵਿਚ ਨਾ ਹੋਣ ਕਾਰਨ ਇਸ ਨੂੰ ਵਰਤਮਾਨ ਕਾਂਗਰਸ ਅਤੇ ਇਸ ਤੋਂ ਪਹਿਲਾਂ ਦੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰਾਂ ਪਹਿਲਾਂ ਹੀ ਨਕਾਰ ਚੁੱਕੀਆਂ ਹਨ।

'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਲਗਾਤਾਰ ਵਧਦੀ ਵਰਤੋਂ ਕਾਰਨ ਪੈਦਾ ਹੋਈ ਪੇਂਡੂ ਬੇਰੁਜ਼ਗਾਰੀ ਦੀ ਸਮੱਸਿਆ ਲਈ ਸ਼ੁਰੂ ਕੀਤੀ ਗਈ ਸਕੀਮ ਮਨਰੇਗਾ ਦੇ ਬਜਟ ਵਿਚ 13.38 ਫ਼ੀਸਦ ਦੀ ਕਟੌਤੀ ਪਹਿਲਾਂ ਤੋਂ ਹੀ ਇਸ ਸਕੀਮ ਦੀਆਂ ਕਮੀਆਂ ਨੂੰ ਹੋਰ ਵਧਾਉਣਗੇ। ਪੰਜਾਬ ਦੇ ਬਾਰਡਰ ਸੂਬਾ ਹੋਣ ਸੰਬੰਧੀ ਹੰਢਾਈਆਂ ਜਾ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਇਸ ਬਜਟ ਵਿਚ ਕੋਈ ਵੀ ਤਜ਼ਵੀਜ ਨਹੀਂ ਹੈ। ਇਸ ਤੋਂ ਬਿਨਾਂ ਜੀ.ਐੱਸ.ਟੀ. ਜਿਸ ਨੂੰ ਲਾਗੂ ਕਰਵਾਉਣ ਲਈ ਪੰਜਾਬ ਦੀਆਂ ਮੁੱਖ ਰਾਜਸੀ ਪਾਰਟੀਆਂ ਨੇ ਅੱਡੀਆਂ ਚੁੱਕ ਕੇ ਸਮਰਥਨ ਕੀਤਾ ਸੀ ਦੇ ਸੰਬੰਧ ਵਿਚ ਪੰਜਾਬ ਲਈ ਕੋਈ ਤਜਵੀਜ਼ ਨਾ ਹੋਣ ਦੇ ਨਾਲ ਨਾਲ ਮੁਲਕ ਦੇ 15ਵੇਂ ਵਿੱਤ ਕਮਿਸ਼ਨ ਵੱਲੋਂ ਪੰਜਾਬ ਲਈ ਕੋਈ ਵੀ ਲੋੜੀਂਦੀ ਅਤੇ ਢੁਕਵੀਂ ਸਿਫ਼ਾਰਸ਼ ਨਹੀਂ ਹੈ। ਖੇਤੀਬਾੜੀ ਖੇਤਰ ਦੇ ਸੰਬੰਧ ਵਿਚ ਤਜ਼ਵੀਜ ਕੀਤਾ ਗਿਆ ਪੀ.ਪੀ.ਪੀ. ਮਾਡਲ ਪੂਰੇ ਮੁਲਕ ਸਮੇਤ ਪੰਜਾਬ ਲਈ ਅਰਥੀ ਊਠ ਸਾਬਤ ਹੋਵੇਗਾ। ਕੇਂਦਰੀ ਬਜਟ ਦਾ ਲੇਖਾ-ਜੋਖਾ ਪੰਜਾਬ ਲਈ ਨਿਰਾਸ਼ਾਜਨਕ ਹੈ ਜਿਸ ਉੱਤੇ ਮੁੜ ਤੋਂ ਵਿਚਾਰ ਕਰਨ ਦੀ ਲੋੜ ਹੈ।

# ਮਦਨ ਲਾਲਾ ਢੀਂਗਰਾ (ਫਰਵਰੀ 18, 1883-ਅਗਸਤ 17, 1909)

ਲਿਖਿਆ ਕਿ ਢੀਂਗਰੇ ਦੀ ਫਾਂਸੀ ਨੂੰ ਉਮਰ ਕੈਦ ਵਿਚ ਬਦਲ ਦੇਣਾ ਚਾਹੀਦਾ ਹੈ ਕਿਉਂਕਿ ਉਸ ਨੇ ਇਹ ਕਤਲ ਗੁੱਸੇ ਦੀ ਬੇਹੋਸ਼ੀ ਵਿਚ ਕੀਤਾ ਹੈ। 'ਈਵਨਿੰਗ ਪੋਸਟ', ਲੰਡਨ ਨੇ ਉਸ ਦੇ ਵਿਚਾਰਾਂ ਦੀ ਹਾਮੀ ਭਰੀ। ਇਨ੍ਹਾਂ ਵਿਚਾਰਾਂ ਦੇ ਹੁੰਦਿਆ, ਬੰਬਈ ਤੋਂ ਛਪਦੇ ਗੁਜਰਾਤੀ ਦੇ ਅਖਬਾਰ, 'ਪਾਰਸੀ' ਦਾ ਸੰਪਾਦਕ, ਜ਼ੇ ਐਸ਼ ਮਾਸਟਰ, ਇੰਡੀਆ ਦੇ ਸਕੱਤਰ, ਮੋਰਲੇ, ਨੂੰ ਮਿਲਿਆ ਤੇ ਅਰਜ਼ ਕੀਤੀ ਕਿ ਸਸਕਾਰ ਕਰਨ ਲਈ ਢੀਂਗਰੇ ਦੀ ਦੇਹ ਨੂੰ ਇੰ-ਡੀਆ ਭੇਜਿਆ ਜਾਵੇ ਤਾਂ ਕਿ ਉਸ ਦੀ ਆਖ਼ਰੀ ਇੱਛਾ ਪੂਰੀ ਕੀਤੀ ਜਾ ਸਕੇ। ਸੈਕਟਰੀ ਦੀ ਕੌਂਸਲ ਦੇ ਬਹੁਤੇ ਮੈਂਬਰ ਢੀਂਗਰੇ ਦੀ ਫਾਂਸੀ ਨੂੰ ਉਮਰ ਕੈਦ ਵਿਚ ਬਦਲਣ ਦੇ ਹੱਕ ਵਿਚ ਸਨ ਅਤੇ ਮੰਤਰੀ-ਮੰਡਲ ਦੇ ਕੁਝ ਮੈਂਬਰ ਵੀ ਇਹੋ ਚਾਹੁੰਦੇ ਸਨ। ਪਰ ਮੌਰਲੇ ਇਸ ਗੱਲ ਉਤੇ ਤੁਲਿਆ ਹੋਇਆ ਸੀ ਕਿ ਇਕ ਕਾਤਲ ਨੂੰ ਫਾਂਸੀ ਹੀ ਹੋਣੀ ਚਾਹੀਦੀ ਹੈ। ਇੰਗਲੈਂਡ ਦੇ ਬਾਦਸ਼ਾਹ, ਐਡਵਰਡ-7 ਨੇ ਸਕੱਤਰ ਨੂੰ, 17 ਅਗਸਤ 1909 ਵਾਲੇ ਦਿਨ, ਖਤ ਲਿਖ ਕੇ ਕਿਹਾ ਕਿ ਕਿਸੇ ਖਾਸ ਮਕਸਦ ਤੋਂ ਬਗੈਰ ਹਿੰਦੋਸਤਾਨੀਆਂ ਨੂੰ ਇੰਗਲੈਂਡ ਆਉਣ ਤੋਂ ਰੋਕਿਆ ਜਾਵੇ। ਵਿਦਿਆਰਥੀ ਏਥੇ ਆ ਕੇ ਰਾਜਧ੍ਰੋਹ ਸਿੱਖ ਕੇ ਵਾਪਸ ਜਾਕੇ ਜਨਤਾ ਨੂੰ ਉਕਸਾਉਂਦੇ ਹਨ।

### ਫਾਂਸੀ ਦਾ ਦਿਨ

ਫਾਂਸੀ ਦੇਣ ਲਈ ਮਦਨ ਲਾਲ ਢੀਂਗਰਾ ਨੂੰ ਬ੍ਰਿਕਸਟਨ ਜੇਲ੍ਹ ਤੋਂ ਪੈਂਟਨਵਿਲ ਜੇਲ੍ਹ ਵਿਚ ਤਬਦੀਲ ਕਰ ਦਿੱਤਾ। ਢੀਂਗਰਾ ਦੇ ਦੋਸਤਾਂ ਨੇ ਉਸ ਨੂੰ ਆਖਰੀ ਵਾਰ ਮਿਲਣਾ ਚਾਹਿਆ। ਸਾਵਰਕਰ ਦੀ ਬੇਨਤੀ ਉੱਤੇ ਵਕੀਲ ਜ਼ੇ ਐਸ਼ ਮਾਸਟਰ ਨੇ ਮਿਲਣੀ ਲਈ ਅਰਜ਼ੀ ਭਰ ਕੇ ਲੰਡਨ ਦੇ ਸ਼ੈਰਫ ਅਤੇ ਗ੍ਰਹਿ ਮੰਤਰਾਲੇ ਨੂੰ ਭੇਜੀ। ਦੋਹਾਂ ਥਾਵਾਂ ਤੋਂ ਜਵਾਬ ਮਿਲ ਗਿਆ। ਢੀਂਗਰੇ ਨੂੰ ਪਤਾ ਸੀ ਕਿ ਉਸ ਨੂੰ ਦੋਸਤਾਂ ਨਾਲ ਮਿਲਣ ਨਹੀਂ ਦਿੱਤਾ ਜਾਵੇਗਾ। ਉਹ ਮੌਤ ਦੇ ਜਬਾੜ੍ਹੇ ਵਿਚ ਆਇਆ ਹੋਇਆ ਵੀ ਸ਼ਾਂਤ ਅਤੇ ਟਿਕਾਉ ਵਿਚ ਰਿਹਾ। ਫਾਂਸੀ ਵਾਲੇ ਦਿਨ ਤੋਂ ਪਹਿਲੀ ਰਾਤ ਨੂੰ ਉਹ ਐਨੀ ਗੂੜ੍ਹੀ ਨੀਂਦੇ ਸੁੱਤਾ ਕਿ ਸਵੇਰ ਨੂੰ ਝੂਣ ਕੇ ਉਠਾਉਣਾ ਪਿਆ। ਉਸ ਨੇ ਸਵੇਰੇ ਕਾਇਆ ਸੁਆਰੀ ਅਤੇ ਰੱਜ ਕੇ ਬ੍ਰੇਕਫਾਸਟ ਕੀਤਾ। ਪੂਰੇ 9:00 ਵਜੇ ਫਾਂਸੀ ਦੇ ਤਖਤੇ ਵਲ ਅੰਤਮ ਯਾਤਰਾ ਆਰੰਭੀ। ਇਸਾਈ ਪਾਦਰੀ, ਹਡਸਨ, ਅੰਤਮ ਅਰਦਾਸ ਲਈ ਨਾਲ ਹੋ ਲਿਆ। ਢੀਂਗਰੇ ਨੇ ਉਸ ਨੂੰ ਕਿਹਾ ਕਿ ਮੈਂ ਹਿੰਦੂ ਹਾਂ, ਮੈਨੂੰ ਤੇਰੀ ਪ੍ਰਾਰਥਨਾ ਦੀ ਲੋੜ ਨਹੀਂ। ਲੰਡਨ ਦੇ ਸਹਾਇਕ ਸ਼ੈਰਫ ਨੇ ਜੇਲ੍ਹ ਦੇ ਡਿਪਟੀ ਗਵਰਨਰ ਦੀ ਹਾਜ਼ਰੀ ਵਿਚ ਮੌਤ ਦਾ ਫਰਮਾਨ ਪੜ੍ਹਿਆ ਤੇ ਉਸ ਦੀ ਅੰਤਮ ਇਛਾ ਪੁੱਛੀ।

ਮਦਨ ਲਾਲ ਢੀਂਗਰਾ, ਬਿਨਾ ਉਤਰ ਦਿਤਿਆਂ, ਸ਼ਾਂਤ ਚਿੱਤ ਫਾਂਸੀ ਦੇ ਰੱਸੇ ਵਲ ਵਧਦਾ ਗਿਆ। ਉਸ ਦਾ ਹੌਸਲਾ ਦੇਖ ਕੇ ਕੋਲ ਖੜ੍ਹੇ ਅਫਸਰ ਹੱਕੇ ਬੱਕੇ ਰਹਿ ਗਏ। ਫਾਂਸੀ ਦਾ ਹੁਕਮ ਦੇਣ ਵਾਲਾ ਅਫਸਰ, ਪੀਅਰਪੁਆਇੰਟ (Pierpoint) ਜੱਲਾਦ ਦੇ ਕੋਲ ਖੜ੍ਹਾ ਢੀਂਗਰੇ ਦਾ ਇੰਤਜ਼ਾਰ ਕਰ ਰਿਹਾ ਸੀ। ਉਸ ਵਲ ਦੇਖ ਕੇ ਢੀਂਗਰਾ ਮੁਸਕਰਾਇਆ ਤੇ ਫਾਂਸੀ ਦੇ ਥੜੇ ਦੀਆਂ ਪੌੜੀਆਂ ਚੜ੍ਹ ਕੇ ਖੁਦ ਫੰਦਾ ਗੱਲ ਵਿਚ ਪਾ ਲਿਆ। ਜੱਲਾਦ ਨੇ ਹੇਠੋਂ ਲੱਕੜ ਦਾ ਫੱਟਾ ਖਿੱਚ ਦਿੱਤਾ। ਢੀਂਗਰੇ ਦੀ ਦੇਹ 8 ਫੁੱਟ ਹੇਠਾਂ ਡਿਗ ਕੇ ਪ੍ਰਾਣ ਨਿਕਲਣ ਤਕ ਲਟਕਦੀ ਰਹੀ। ਦੇਹ ਨੂੰ ਹੇਠਾਂ ਲਾਹਿਆ ਤਾਂ ਮਦਨ ਲਾਲ ਢੀਂਗਰੇ ਦੇ ਚਿਹਰੇ ਤੇ ਕੋਈ ਸ਼ਿਕਨ ਨਹੀਂ ਸੀ। ਸ਼ਹੀਦ ਮਦਨ ਲਾਲ ਢੀਂਗਰਾ 17 ਅਗੱਸਤ 1909 ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਿਆ। ਉਸ ਦੀ ਅੰਤਮ ਇਛਾ ਸੀ ਕਿ ਹਿੰਦੂ ਸੰਸਕਾਰਾਂ ਹੇਤ ਚਿਖਾ ਨੂੰ ਅਗਨੀ ਭੇਂਟ ਕੀਤਾ ਜਾਵੇ, ਪਰ ਅਜਿਹਾ ਨਹੀਂ ਕੀਤਾ ਗਿਆ। ਉਸ ਦੀ ਦੇਹ ਨੂੰ ਕੱਫਣ ਵਿਚ ਬੰਦ ਕਰਕੇ ਜੇਲ੍ਹ ਦੇ ਅੰਦਰ ਦੱਬ ਦਿੱਤਾ ਗਿਆ। 'ਲੰਡਨ ਟਾਇਮਜ਼' ਨੇ, 18 ਅਗਸਤ 1909 ਵਾਲੇ ਪੇਪਰ ਵਿਚ ਸੰਪਾਦਕੀ ਲਿਖੀ: The :"The nonchalance displayed by the assassin was of a character, which is happily unusual in such trials in this country. He asked no questions. He maintained a defiance of studied indifference. He walked smiling from the Dock."

# 'ਪੰਜਾਬੀਆਂ ਦੇ ਬਾਈ' ਸ. ਜਸਵੰਤ ਸਿੰਘ ਕੰਵਲ ਦੇ ਇਸ ਸੰਸਾਰ ਤੋਂ ਅਲਵਿਦਾ ਹੋਣ 'ਤੇ



ਪ੍ਰੋ: ਐਚ.ਐਲ.ਕਪੂਰ

ਪੰਜਾਬੀ ਸਾਹਿਤ ਦੇ ਨਾਵਲਾਂ ਦੇ ਇਤਿਹਾਸ ਦਾ ਬਾਬਾ ਬੋਹੜ ਤੇ ਉੱਚ ਦੁਮਲੜੇ ਵਾਲਾ ਕਿਹਾ ਜਾਂਦਾ ਨਾਵਲਕਾਰ, ਕਹਾਣੀਕਾਰ ਤੇ ਨਿਬੰਧਕਾਰ ਸਰਦਾਰ ਜਸਵੰਤ ਸਿੰਘ ਜੀ ਕੰਵਲ ਆਪਣੀ ਜ਼ਿੰਦਗੀ ਦੀ ਪਾਰੀ ਦੀ, ਸੈਂਚਰੀ ਮਾਰ ਕੇ ਇਸ ਹੱਸਦੀ-ਵੱਸਦੀ ਦੁਨੀਆਂ ਨੂੰ 1 ਫਰਵਰੀ 2020 ਨੂੰ ਅਲਵਿਦਾ ਆਖ ਗਿਆ। ਉਹਨਾਂ ਨੂੰ ਸਰਦਾਰ ਨਾਨਕ ਸਿੰਘ ਨਾਵਲਕਾਰ ਦਾ, ਨਾਵਲਾਂ ਦੇ ਖੇਤਰ 'ਚ 'ਪੰਜਾਬੀ ਸਾਹਿਤ ਦੇ ਇਤਿਹਾਸ' 'ਚ ਵਾਰਸ ਨਾਵਲਕਾਰ ਵੀ ਕਿਹਾ ਜਾਂਦਾ ਹੈ ਕਿਉਂਕਿ ਉਹਨਾਂ ਨੇ ਨਾਨਕ ਸਿੰਘ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਹੀ ਪੰਜਾਬ 'ਚ ਅਨੇਕਾਂ ਨਾਵਲ, ਕਹਾਣੀ ਸੰਗ੍ਰਹਿ ਤੇ ਨਿਬੰਧਾਂ ਦੀਆਂ ਪੁਸਤਕਾਂ ਲਿਖੀਆਂ। ਪੰਜਾਬੀ ਦੇ ਸੈਂਕੜੇ ਨਾਵਲਕਾਰਾਂ ਤੇ ਕਹਾਣੀਕਾਰਾਂ ਨੇ ਇਸ ਖੇਤਰ 'ਚ ਉਹਨਾਂ ਤੋਂ ਰਹਿਨੁਮਾਈ ਲਈ ਤੇ ਉਹਨਾਂ ਦੀ ਬੁਲੰਦੀ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਪਰ ਉਹ ਉਹਨਾਂ ਦੇ ਨੇੜੇ-ਤੇੜੇ ਵੀ ਪਹੁੰਚ ਨਹੀਂ ਸਕੇ। ਇਸੇ ਲਈ ਹੀ ਤਾਂ ਉਹਨਾਂ ਨੂੰ ਪੰਜਾਬੀ ਸਾਹਿਤ ਦੇ ਨਾਵਲਾਂ ਦੇ ਇਤਿਹਾਸ ਦਾ ਬਾਬਾ ਬੋਹੜ, ਉੱਚ ਦੁਮਾਲੜੇ ਵਾਲਾ ਨਾਵਲਕਾਰ ਤੇ ਪੰਜਾਬੀਆਂ ਦਾ ਬਾਈ ਵੀ ਕਿਹਾ ਜਾਂਦਾ ਹੈ।

ਸ. ਜਸਵੰਤ ਸਿੰਘ ਕੰਵਲ ਦਾ ਜਨਮ 27 ਜੂਨ, 1919 ਨੂੰ ਪਿੰਡ ਢੁੱਡੀਕੇ, ਜ਼ਿਲ੍ਹਾ ਮੋਗਾ, ਪੰਜਾਬ ਵਿਖੇ ਹੋਇਆ। ਉਹਨਾਂ ਨੇ ਆਪਣੀ ਮੁਢਲੀ ਸਕੂਲੀ ਵਿੱਦਿਆ ਕਿਸ਼ੋਰ ਅਵਸਥਾ 'ਚ ਹੀ ਤਿਆਗ ਦਿੱਤੀ ਸੀ ਤੇ ਉਸ ਉਪਰੰਤ ਉਹ ਮਲਾਇਆ ਚਲੇ ਗਏ। ਉਹਨਾਂ ਨੂੰ ਮਲਾਇਆ 'ਚ ਰਹਿੰਦਿਆਂ ਸਮੇਂ ਹੀ ਪਹਿਲੀ ਵਾਰ ਸਾਹਿਤ 'ਚ ਰੁਚੀ ਲੈਣੀ ਆਰੰਭ ਕਰ ਦਿੱਤੀ ਸੀ ਤੇ ਉਸ ਤੋਂ ਕੁਝ ਸਾਲਾਂ ਬਾਅਦ ਹੀ ਉਹਨਾਂ ਨੇ ਮਲਾਇਆ ਤੋਂ ਵਾਪਸੀ ਕਰ ਲਈ ਤੇ ਉਹ ਆਪਣੇ ਪਿੰਡ ਢੁੱਡੀਕੇ ਆ ਗਏ ਤੇ ਉਦੋਂ ਤੋਂ ਹੀ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਇਥੇ ਹੀ ਵਸੇ ਹੋਏ ਸਨ। ਪੰਜਾਬ ਸਰਕਾਰ ਨੇ ਉਹਨਾਂ ਨੂੰ 2007 ਤੇ 2008 'ਚ 'ਪੰਜਾਬੀ ਸਾਹਿਤ ਸ਼੍ਰੋਮਣੀ' ਪੁਰਸਕਾਰ ਨਾਲ, ਉਹਨਾਂ ਦੇ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਪਾਏ ਯੋਗਦਾਨ ਬਦਲੇ ਸਨਮਾਨਿਤ ਕੀਤਾ।

ਉਹਨਾਂ ਨੇ ਆਪਣੇ ਆਰੰਭਕ ਨਾਵਲ ਰੁਮਾਂਟਿਕ ਲਿਖੇ। ਉਸ ਤੋਂ ਬਾਅਦ ਉਹਨਾਂ ਦੇ ਨਾਵਲਾਂ 'ਚ ਪੰਜਾਬ ਦੇ ਮਾਲਵਾ ਇਲਾਕੇ ਦੇ ਪਿੰਡਾਂ ਦੀ ਪੰਜਾਬੀਅਤ ਛਲਕਾਂ ਮਾਰਦੀ ਹੈ। ਉਹ ਕਿਸਾਨੀ ਨਾਲ ਜੁੜੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਤੇ ਉਹਨਾਂ ਦੇ ਨੈਤਿਕ ਜੀਵਨ ਨੂੰ ਬੜਾ ਨੇੜਿਉਂ ਹੋ ਕੇ ਸਮਝਦੇ ਹਨ ਤੇ ਉਹਨਾਂ ਦੇ ਇਸ ਪੇਂਡੂ ਯਥਾਰਥ ਨੂੰ ਬੜੇ ਸਪਸ਼ਟ ਰੂਪ 'ਚ ਉਹਨਾਂ ਦੇ ਨਾਵਲਾਂ, ਕਹਾਣੀਆਂ ਤੇ ਨਿਬੰਧਾਂ 'ਚ ਦੇਖਿਆ ਜਾ ਸਕਦਾ ਹੈ। ਉਹ ਆਮ ਤੌਰ 'ਤੇ ਆਪਣੀਆਂ ਲਿਖਤਾਂ 'ਚ ਪੇਂਡੂ ਜੀਵਨ ਦੇ ਸਮਾਜਿਕ ਵਾਤਾਵਰਣ, ਰੀਤੀ ਰਿਵਾਜ਼ਾਂ ਤੇ ਲੋਕਾਂ ਦੇ ਇਹਨਾਂ 'ਚ ਦ੍ਰਿੜ੍ਹ ਵਿਸ਼ਵਾਸਾਂ ਨੂੰ ਬੜੀ ਸਰਲ ਭਾਸ਼ਾ ਤੇ ਸਪਸ਼ਟਤਾ ਨਾਲ ਚਿੱਤਰਦਾ ਹੈ। ਇਹਨਾਂ ਰੀਤੀ ਰਿਵਾਜ਼ਾਂ 'ਚ ਉਹ ਗੂੜ੍ਹੀ ਦਿਲਚਸਪੀ ਲੈਂਦਾ ਹੈ ਤੇ ਇਸ ਨੂੰ ਆਪਣੇ ਕਈ ਨਾਵਲਾਂ 'ਚ ਉਸ ਨੇ ਬੜੀ ਬੇਬਾਕੀ ਨਾਲ ਲਿਖਿਆ ਹੈ। ਉਹ ਆਪਣੇ ਕਈ ਨਾਵਲਾਂ 'ਚ ਪੇਂਡੂ ਭਾਈਚਾਰਕ ਸਾਂਝ, ਔਰਤ-ਪੁਰਸ਼ ਦੀ ਸਮਾਨਤਾ ਉਹਨਾਂ ਦੀ ਸਮਾਜਿਕ ਬਰਾਬਰੀ ਤੇ ਰਾਜਨੀਤਿਕ ਮੁੱਦਿਆਂ ਦੀ ਆਵਾਜ਼ ਬੁਲੰਦ ਕਰਦਾ ਹੈ। ਇਸ ਦੇ ਨਾਲ ਹੀ ਉਹ ਕਿਰਤੀ, ਕਿਸਾਨੀ ਤੇ ਰਾਜਨੀਤਿਕ ਮੁੱਦਿਆਂ ਨੂੰ ਬੜੀ ਦ੍ਰਿੜ੍ਹਤਾ ਨਾਲ ਆਪਣੇ ਨਿਬੰਧਾਂ ਰਾਹੀਂ ਅਖ਼ਬਾਰਾਂ 'ਚ ਉਭਾਰਦਾ ਹੈ। ਉਹ ਪੰਜਾਬ ਦੀ ਨਿੱਘਰ ਰਹੀ ਆਰਥਿਕ ਦਸ਼ਾ, ਬੇਰੁਜ਼ਗਾਰੀ ਤੇ ਨੌਜਵਾਨੀ ਦੇ ਪੰਜਾਬ ਨੂੰ ਛੱਡ ਕੇ ਵਿਦੇਸ਼ਾਂ 'ਚ ਵੱਸਣ ਦੀ ਚਾਹਤ 'ਤੇ ਬੜਾ ਦੁਖੀ ਹੁੰਦਾ ਹੈ ਤੇ ਪੰਜਾਬ, ਪੰਜਾਬੀ, ਪੰਜਾਬੀਅਤ ਤੇ ਨੌਜਵਾਨੀ ਦੇ ਨਸ਼ਿਆਂ 'ਚ ਗਰਕ ਹੋਣ 'ਤੇ ਡਾਢੀ ਚਿੰਤਾ ਪ੍ਰਗਟ ਕਰਦਾ ਹੈ। ਉਹ ਪੰਜਾਬ ਦੀ ਹੋ ਰਹੀ ਗਿਰਾਵਟ ਨੂੰ ਸੁਧਾਰਨ ਲਈ ਮਰਦੇ ਦਮ ਤੱਕ ਸਰਕਾਰਾਂ ਤੇ ਪੰਜਾਬ ਨੂੰ ਆਪਣੇ ਨਿਬੰਧਾਂ ਰਾਹੀਂ ਉਲੀਕਦਾ ਹੈ। ਅੱਸੀਵਿਆਂ 'ਚ ਉਹ ਪੰਜਾਬ 'ਚ ਚੱਲੀ ਸਿੱਖ ਖਾੜਕੂ ਲਹਿਰ ਦਾ ਸਮਰਥਕ ਵੀ ਬਣ ਜਾਂਦਾ ਹੈ।

'ਲਹੂ ਦੀ ਲੋਅ' ਨਾਵਲ ਉਹਨਾਂ ਦਾ ਇਕ ਬਹੁਤ ਹੀ ਮਹੱਤਵਪੂਰਨ ਨਾਵਲ ਹੈ। ਇਹ ਨਾਵਲ 1971 'ਚ ਪੰਜਾਬ 'ਚ ਉੱਠੀ 'ਨੈਕਸਲਾਈਟ ਲਹਿਰ' 'ਤੇ ਆਧਾਰਿਤ ਹੈ। ਇਹ ਲਹਿਰ ਸਭ ਤੋਂ ਪਹਿਲਾਂ ਪੱਛਮੀ ਬੰਗਾਲ ਦੇ ਪਿੰਡ 'ਨਕਸਲਵਾੜੀ' ਤੋਂ 1967 'ਚ ਆਰੰਭ ਹੁੰਦੀ ਹੈ ਤੇ ਭਾਰਤ 'ਚ ਕਈ ਸੂਬਿਆਂ 'ਚ ਫੈਲ ਜਾਂਦੀ ਹੈ। ਇਹ ਲਹਿਰ ਭਾਰਤ 'ਚ ਖ਼ੂਨ-ਖਰਾਬਾ ਕਰਕੇ ਕ੍ਰਾਂਤੀ ਲਿਆਉਣਾ ਚਾਹੁੰਦੀ ਹੈ ਤੇ ਇਹ ਸ਼ਾਂਤਮਈ ਅੰਦੋਲਨ 'ਚ ਵਿਸ਼ਵਾਸ ਨਹੀਂ ਕਰਦੀ। ਇਸ ਲਹਿਰ ਦਾ ਪੰਜਾਬ 'ਚ ਬਹੁਤ ਪ੍ਰਭਾਵ ਸੀ ਤੇ ਜਸਵੰਤ ਸਿੰਘ ਕੰਵਲ ਵੀ ਇਸ ਲਹਿਰ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਪੰਜਾਬ ਪੁਲਿਸ ਦੀਆਂ ਨੌਜਵਾਨਾਂ ਤੇ ਬੁੱਧੀਜੀਵੀਆਂ 'ਤੇ ਕੀਤੇ ਜਾ ਰਹੇ ਤਸ਼ੱਦਦ ਤੇ ਝੂਠੇ ਮੁਕਾਬਲਿਆਂ 'ਚ ਨੌਜਵਾਨਾਂ ਦੇ ਕਤਲਾਂ ਦੀ ਆਵਾਜ਼ ਨੂੰ ਆਪਣੇ ਨਾਵਲ 'ਲਹੂ ਦੀ ਲੋਅ' 'ਚ ਖੁੱਲ੍ਹ ਕੇ ਬਿਆਨ ਕਰਦਾ ਹੈ। ਇਹ ਨਾਵਲ ਝੂਠੇ ਮੁਕਾਬਲਿਆਂ ਦੀਆਂ ਘਟਨਾਵਾਂ ਨਾਲ ਅੱਗੇ ਵਧਦਾ ਹੈ ਤੇ ਇਹਨਾਂ ਘਟਨਾਵਾਂ ਦੇ ਪੂਰਨ ਵੇਰਵੇ ਦਿੰਦਾ ਹੈ। ਸੰਨ 1971 ਦੀ ਐਮਰਜੈਂਸੀ 'ਚ ਕੰਵਲ ਦਾ ਇਹ ਨਾਵਲ ਬੜੇ ਵੱਡੇ ਵਿਵਾਦ ਦਾ ਕਾਰਨ ਬਣਦਾ ਹੈ ਤੇ ਭਾਰਤ, ਖਾਸ ਤੌਰ 'ਤੇ ਪੰਜਾਬ 'ਚ ਕੋਈ ਵੀ ਪਬਲੀਸ਼ਰ ਇਸ ਨਾਵਲ ਨੂੰ ਛਾਪਣ ਦਾ ਜੋਖਿਮ ਨਹੀਂ ਉਠਾਉਂਦਾ ਤੇ ਇਸ ਨਾਵਲ ਨੂੰ ਛਾਪਣ ਤੋਂ ਇਨਕਾਰ ਕਰ ਦਿੰਦਾ ਹੈ। ਜਸਵੰਤ ਸਿੰਘ ਕੰਵਲ ਆਪਣੇ ਇਸ ਨਾਵਲ ਨੂੰ ਸਿੰਗਾਪੁਰ ਤੋਂ ਛਪਵਾਉਂਦਾ ਹੈ ਤੇ ਉਥੋਂ ਇਸ ਨਾਵਲ ਨੂੰ ਸਮਗਲ ਕਰਕੇ ਭਾਰਤ ਮੰਗਵਾਉਂਦਾ ਹੈ। ਐਮਰਜੈਂਸੀ ਖਤਮ ਹੋਣ ਤੋਂ ਬਾਅਦ ਇਹ ਨਾਵਲ ਪੰਜਾਬ 'ਚ ਫਿਰ ਛਪਦਾ ਹੈ ਤੇ ਲੋਕਾਂ 'ਚ ਇਸ ਨਾਵਲ ਨੂੰ ਪੜ੍ਹਨ ਲਈ ਬੜੀ ਉਤੇਜਨਾ ਸੀ ਤੇ ਇਸ ਦੀ ਵਿੱਕਰੀ ਕਈ ਹਜ਼ਾਰਾਂ 'ਚ ਧੜਾਧੜ ਹੋ ਜਾਂਦੀ ਹੈ। ਬਾਅਦ 'ਚ ਇਹ ਨਾਵਲ ਅੰਗਰੇਜ਼ੀ ਭਾਸ਼ਾ 'ਚ ਵੀ ਅਨੁਵਾਦ ਹੋ ਕੇ ਛਪਦਾ ਹੈ।

'ਖ਼ੂਨ ਕੇ ਸੋਹਲੇ ਗਾਵੀਐ ਨਾਨਕ' ਇਹ ਨਾਵਲ ਵੀ 80ਵਿਆਂ 'ਚ ਚੱਲੀ ਸਿੱਖ ਖਾੜਕੂ ਲਹਿਰ ਦਾ ਹੀ ਇਕ ਦੂਸਰਾ ਰੂਪ ਹੈ। ਪੰਜਾਬ 'ਚ ਹੁੰਦੇ ਖ਼ੂਨ ਖਰਾਬੇ ਨੂੰ ਸਮਾਪਤ ਕਰਨ ਲਈ ਉਹ ਦੋ ਵਾਰ ਸਿੱਖ ਖਾੜਕੂ ਲੀਡਰਾਂ ਨੂੰ ਮਿਲਣ ਲਈ ਸ੍ਰੀ ਅਕਾਲ ਤਖਤ ਸਾਹਿਬ 'ਤੇ ਵੀ ਜਾਂਦਾ ਹੈ ਤੇ ਇਸ ਲਹਿਰ ਨੂੰ ਚਲਾ ਰਹੇ ਸਿੱਖ ਆਗੂਆਂ ਨੂੰ ਸਰਕਾਰ ਅੱਗੇ ਆਤਮ ਸਮਰਪਣ ਕਰਨ ਲਈ ਬੇਨਤੀਆਂ ਵੀ ਕਰਦਾ ਹੈ ਤੇ ਸ਼ਾਂਤਮਈ ਤਰੀਕੇ ਨਾਲ ਸਰਕਾਰ ਨਾਲ ਗੱਲ ਕਰਨ ਲਈ ਆਖਦਾ ਹੈ ਕਿ ਇਸ ਸਮੱਸਿਆ ਦਾ ਕੋਈ ਹੱਲ ਨਿਕਲ ਆਵੇ ਪਰ ਉਹ ਆਪਣੇ ਇਹਨਾਂ ਯਤਨਾਂ 'ਚ ਸਫਲ ਨਹੀਂ ਹੁੰਦਾ। ਇਸ ਗੱਲ ਦਾ ਇਕਬਾਲ ਕੰਵਲ ਨੇ 'ਅਕਾਲ ਚੈਨਲ' ਨੂੰ ਦਿੱਤੀ ਇਕ ਵਾਰਤਾ 'ਚ ਵੀ ਕੀਤਾ ਹੈ। ਉਹ ਪੰਜਾਬ 'ਚ ਹਰ ਪ੍ਰਕਾਰ ਦੀ ਸ਼ਾਂਤੀ ਤੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਸਿਰਤੋੜ ਯਤਨ ਕਰਦਾ ਹੈ।



ਜਸਵੰਤ ਸਿੰਘ ਕੰਵਲ ਨੂੰ ਉਹਨਾਂ ਦੇ ਨਿੱਕੀ ਕਹਾਣੀ ਸੰਗ੍ਰਹਿ 'ਪੱਖੀ' ਲਈ 1996 'ਚ 'ਸਾਹਿਤ ਅਕੈਡਮੀ ਫੈਲੋਸ਼ਿਪ ਐਵਾਰਡ' ਨਾਲ ਸਨਮਾਨਿਤ ਕੀਤਾ ਜਾਂਦਾ ਹੈ ਤੇ ਸੰਨ 1998 'ਚ ਉਹਨਾਂ ਦੇ ਨਾਵਲ 'ਤਾਓਸ਼ਲੀ ਦੀ ਹੰਸਲੋ' ਲਈ 'ਸਾਹਿਤ ਅਕੈਡਮੀ' ਦੇ ਅਵਾਰਡ ਨਾਲ ਸਨਮਾਨਿਤ ਕੀਤਾ। ਸੰਨ 2008 'ਚ ਉਹਨਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ 'ਡਾਕਟਰ ਆਫ਼ ਲਿਟਰੇਚਰ' ਦੀ ਉਪਾਧੀ ਨਾਲ ਵੀ ਸਨਮਾਨਿਤ ਕੀਤਾ। ਇਹ ਸਾਰੀਆਂ ਉਪਲਬਧੀਆਂ ਤੇ ਉਪਾਧੀਆਂ ਤੇ ਸਨਮਾਨ ਉਹਨਾਂ ਨੂੰ ਪੰਜਾਬੀ ਸਾਹਿਤ 'ਚ ਆਪਣੇ ਪਾਏ ਗਏ ਮਹਾਨ ਯੋਗਦਾਨ ਕਾਰਨ ਹੀ ਪ੍ਰਾਪਤ ਹੋਏ ਹਨ। ਇਹ ਉਹਨਾਂ ਦੇ ਜੀਵਨ ਦੀਆਂ ਵੱਡੀਆਂ ਪ੍ਰਾਪਤੀਆਂ ਤੇ ਉਹਨਾਂ ਲਈ ਬੜੇ ਫਖਰ ਵਾਲੀ ਗੱਲ ਹੈ।

ਜਸਵੰਤ ਸਿੰਘ ਕੰਵਲ ਦੀਆਂ ਕੁਝ ਰਚਨਾਵਾਂ ਦੀ ਸੂਚੀ ਇਸ ਪ੍ਰਕਾਰ ਹੈ:

ਪੰਜਾਬੀਓ ਮਰਨਾ ਹੈ ਕਿ ਜੀਣਾ, ਖ਼ੂੰਨ ਕੇ ਸੋਹਲੇ ਗਾਵੀਐ ਨਾਨਕ (ਨਾਵਲ ਦੋ ਵਾਲਿਊਮ 'ਚ), ਮੁਕਤੀ ਮਾਰਗ, ਲਹੂ ਦੀ ਲੋਅ, ਹਾਣੀ, ਰੂਪ ਧਾਰਾ, ਮਨੁੱਖਤ, ਮੋਹਰਾ ਸਿਵਲ ਲਾਈਨਜ਼, ਜੇਰਾ, ਜੰਗਲ ਦੇ ਸ਼ੇਰ, ਰਾਤ ਬਾਕੀ ਹੈ, ਪੂਰਨਮਾਸ਼ੀ, ਮਿੱਤਰ ਪਿਆਰੇ ਨੂੰ, ਗੋਰਾ ਮੁੱਖੜਾ ਸੱਜਣਾਂ ਦਾ, ਪਾਲੀ, ਸੱਚ ਨੂੰ ਫਾਂਸੀ, ਰੂਹ ਦਾ ਹਾਣ, ਦੇਵਦਾਸ, ਸ਼ਿਕਾਰ ਦੇ ਕੰਵਲ, ਜ਼ਿੰਦਗੀ ਦੂਰ ਨਹੀਂ, ਕੰਡੇ, ਸੰਧੂਰ, ਹਾਲ ਮੁਰੀਦਾਂ ਦਾ, ਆਪਣਾ ਕੌਮੀ ਘਰ, ਇਹਨਾਂ 'ਚੋਂ ਉਠੋ ਸੂਰਮਾ, ਜਿੱਤਨਾਮਾ, ਜੁਹੂ ਦਾ ਮੋਤੀ, ਨਵਾਂ ਸਨਿਆਸ, ਸੁੰਦਰਾਂ, ਸੂਰਮੇ, ਬਰਫ ਦੀ ਅੱਗ, ਅਰਾਧਨਾ, ਹੌਅਕਾ ਤੇ ਮੁਸਕਾਨ, ਭਾਵਨਾ, ਜੀਵਨ ਕਹਾਣੀਆਂ (ਕਹਾਣੀ ਸੰਗ੍ਰਹਿ), ਸਿੱਖ ਜੱਦੋ ਜਹਿਦ, ਮਰਨ ਮਿੱਤਰਾਂ ਦੀ ਏਜ਼, ਲੰਮੇ ਵਾਲਾਂ ਦੇ ਪੀਰ, ਜੰਡ ਪੰਜਾਬ ਦਾ, ਗਵਾਚੀ ਪੱਗ, ਤਾਰੀਖ ਵੇਖਦੀ ਹੈ, ਤਾਓਸ਼ਲੀ ਦੀ ਹੰਸਲੋ, ਅਹਿਸਾਸ, ਰੂਪਮਤੀ, ਕੌਮੀ ਲਲਕਾਰ, ਸੁਰ ਸਾਂਝ, ਲੱਧਾ ਪਾਰੀ ਨੇ ਚੰਨ ਉਜਰ ਵਿਚ, ਭਵਾਨੀ, ਖ਼ੂਬਸੂਰਤ ਦੁਸ਼ਮਣ, ਫੁੱਲਾਂ ਦਾ ਮਾਲੀ, ਰੂਪ ਦੇ ਰਾਖੇ, ਮੂਮਲ, ਇਕ ਹੋਰ ਹੈਲਿਨ ਆਦਿ।

ਇਸ ਉੱਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਢੁੱਡੀਕੇ ਦਾ ਪਿਛਲੇ ਸਾਲ ਹੀ 'ਸ਼ਤਾਬਦੀ ਦਿਵਸ' ਸਾਹਿਤ ਕਲਾ ਪ੍ਰੇਮੀਆਂ ਤੇ ਸਾਹਿਤਕਾਰਾਂ ਵੱਲੋਂ ਲਾਲਾ ਲਾਜਪਤ ਰਾਏ ਦੀ ਜਨਮ ਭੂਮੀ ਢੁੱਡੀਕੇ ਵਿਖੇ ਪੰਜ-ਰੋਜ਼ਾ ਸਾਹਿਤਕ ਪ੍ਰੋਗਰਾਮ ਕਰਵਾ ਕੇ ਮਨਾਇਆ ਗਿਆ ਸੀ। ਇਹ ਇਕ ਬੜੇ ਇਤਫ਼ਾਕ ਦੀ ਗੱਲ ਹੈ ਕਿ 101 ਸਾਲਾ ਕੰਵਲ ਨੇ ਆਪਣੀਆਂ ਕਿਤਾਬਾਂ ਵੀ 101 ਹੀ ਲਿਖੀਆਂ ਹਨ। ਇਹਨਾਂ 'ਚ 70 ਦੇ ਕਰੀਬ ਕਰੀਬ ਨਾਵਲ, ਕਹਾਣੀ ਸੰਗ੍ਰਹਿ, ਅਨੁਵਾਦਿਤ ਪੁਸਤਕਾਂ, ਨਿਬੰਧਾਂ ਦੀਆਂ ਕਿਤਾਬਾਂ, ਅਨੇਕਾਂ ਸਾਹਿਤ ਰਚਨਾਵਾਂ ਤੇ ਸੈਂਕੜੇ ਹੀ ਅਣਛਪੇ ਨਿਬੰਧਾਂ ਨੂੰ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਇਆ ਹੈ। ਉਸਨੇ ਜਵਾਨੀ 'ਚ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ ਤੇ ਉਹ 1957 'ਚ ਪਿੰਡ ਦੇ ਸਰਪੰਚ ਵੀ ਰਹੇ। ਕੰਵਲ ਨੇ ਪੰਜਾਬ ਹੀ ਨਹੀਂ ਸਗੋਂ ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਨੂੰ ਵੀ ਪੰਜਾਬੀ ਸਾਹਿਤ ਦੇ ਜ਼ਰੀਏ, ਪੰਜਾਬੀ ਮਾਂ ਬੋਲੀ ਨਾਲ ਜੋੜੀ ਰੱਖਿਆ। ਪੰਜਾਬੀ ਸਾਹਿਤ ਦੇ ਇਤਿਹਾਸ 'ਚ ਉਹ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਲੇਖਕ ਹੈ। ਉਸਦੇ ਨਾਵਲ ਪੜ੍ਹਦਿਆਂ ਪਾਠਕ 'ਚ ਉਤਸੁਕਤਾ ਬਣੀ ਰਹਿੰਦੀ ਹੈ ਕਿ ਨਾਵਲ ਦੇ ਅਗਲੇ ਕਾਂਡ 'ਚ ਕੀ ਵਾਪਰਿਆ ਹੋਵੇਗਾ ਤੇ ਪਾਠਕ ਦੇ ਮਨ 'ਚ ਉਤੇਜਨਾ ਬਣੀ ਰਹਿੰਦੀ ਹੈ ਕਿ ਉਹ ਇਕੋ ਬੈਠਕ 'ਚ ਹੀ ਸਾਰਾ ਨਾਵਲ ਪੜ੍ਹ ਲਵੇ। ਕੰਵਲ ਦੇ ਬਹੁ-ਚਰਚਿਤ ਨਾਵਲਾਂ 'ਚ ਪਾਲੀ, ਲਹੂ ਦੀ ਲੋਅ, ਪੂਰਨਮਾਸ਼ੀ ਤੇ ਰਾਤ ਬਾਕੀ ਆਦਿ ਬਹੁਤ ਚਰਚਿਤ ਰਹੇ ਹਨ। ਹਿੰਦੀ ਸਾਹਿਤ ਦੇ ਪ੍ਰਸਿੱਧ ਕਵੀ ਤੇ ਅਲੋਚਕ ਪੰਕਜ ਚਤੁਰਵੇਦੀ ਨੇ ਕਿਹਾ ਸੀ ਕਿ ਅੱਜ ਉਹਨਾਂ ਦੀ ਜਨਮ ਸ਼ਤਾਬਦੀ ਦੇ ਅਵਸਰ 'ਤੇ ਇਸ ਗੱਲ ਦਾ ਬਹੁਤ ਮਹੱਤਵ ਹੈ ਕਿ ਅਵਤਾਰ ਪਾਸ਼ ਨੇ ਕੰਵਲ ਸਾਹਿਬ ਨੂੰ 'ਪੰਜਾਬ ਦਾ ਟਾਲਸਟਾਏ' ਕਿਹਾ ਸੀ। ਇਸ ਅਵਸਰ ਤੇ ਪ੍ਰਸਿੱਧ ਪੱਤਰਕਾਰ ਜਤਿੰਦਰ ਪੰਨੂ ਜੀ ਨੇ ਕਿਹਾ ਸੀ ਕਿ ਅਜੋਕਾ ਯੁੱਗ ਤਕਨੀਕੀ ਯੁੱਗ ਹੈ। ਉਹਨਾਂ ਨੇ ਕਿਹਾ ਸੀ ਕਿ ਉਹਨਾਂ ਨੇ ਪਹਿਲੀ ਵਾਰ 'ਸੱਚ ਨੂੰ ਫਾਂਸੀ' ਕਿਤਾਬ ਪੜ੍ਹੀ, ਜਦੋਂ ਉਹ ਮੋੜਨ ਲਈ ਗਏ ਤਾਂ ਕੰਵਲ ਸਾਹਿਬ ਨੇ ਉਹਨਾਂ ਨੂੰ 'ਰਾਤ ਬਾਕੀ ਹੈ' ਪੜ੍ਹਨ ਲਈ ਫੜਾ ਦਿੱਤੀ। ਉਹਨਾਂ ਇਹ ਵੀ ਕਿਹਾ ਕਿ ਕੰਵਲ ਸਾਹਿਬ ਨੇ ਸਿਰਫ ਕਿਤਾਬਾਂ ਹੀ ਨਹੀਂ ਲਿਖੀਆਂ, ਜੋ ਅਖ਼ਬਾਰਾਂ 'ਚ ਲਿਖਿਆ, ਉਸ ਦਾ ਵੱਡਾ ਸਰਮਾਇਆ ਸਾਨੂੰ ਸਾਂਭਣਾ ਵੀ ਚਾਹੀਦਾ ਹੈ। ਜੇਕਰ ਇਹਨਾਂ ਕਹਾਣੀਆਂ ਤੇ ਨਿਬੰਧਾਂ ਨੂੰ ਨਾ ਸਾਂਭਿਆ ਗਿਆ ਤਾਂ ਇਹ ਪੰਜਾਬੀ ਸਾਹਿਤ ਦੇ ਇਤਿਹਾਸ ਲਈ ਵੱਡਾ ਘਾਟਾ ਹੋਣ ਦੀ ਨਿਸ਼ਾਨੀ ਹੈ। ਡਾ. ਸੁਰਜੀਤ ਪਾਤਰ ਨੇ ਇਸ ਮੌਕੇ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਸੀ ਕਿ ਜਸਵੰਤ ਸਿੰਘ ਕੰਵਲ ਇਕ ਕਵੀ ਵਰਗੀ ਆਤਮਾ ਹਨ। ਅੱਜ ਅਸੀਂ ਕੰਵਲ ਜੀ ਦੀ ਸ਼ਤਾਬਦੀ ਮਨਾ ਰਹੇ ਹਾਂ। ਜੀਵਨ 'ਚ ਨਿਰਾਸ਼ ਹੋਣ ਵਾਲਾ ਕੁਝ ਵੀ ਨਹੀਂ, ਸਭ ਬਦਲਣਯੋਗ ਹੈ।

ਇਸ ਮੌਕੇ 'ਤੇ ਪੰਕਜ ਚਤਰਵੇਦੀ ਨੂੰ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਪ੍ਰਿੰਸੀਪਲ ਸਰਬਣ ਸਿੰਘ ਦੁਆਰਾ ਲਿਖੀ ਗਈ ਕਿਤਾਬ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਰਿਲੀਜ਼ ਕੀਤੀ ਗਈ। ਇਹਨਾਂ ਤੋਂ ਇਲਾਵਾ ਸੈਂਕੜੇ ਪੰਜਾਬੀ ਦੇ ਤੇ ਹੋਰ ਲਿਖਾਰੀਆਂ ਤੇ ਉਘੇ ਰਾਜਨੀਤਿਕ ਲੋਕਾਂ ਤੇ ਕਲਾ ਪ੍ਰੇਮੀਆਂ ਨੇ ਕੰਵਲ ਸਾਹਿਬ ਨੂੰ ਉਮਰ ਦੇ ਸੌ ਸਾਲ ਪੂਰੇ ਹੋਣ 'ਤੇ ਮੁਬਾਰਕਾਂ ਵੀ ਦਿੱਤੀਆਂ ਤੇ ਉਹਨਾਂ ਦੀ ਤੰਦਰੁਸਤੀ ਤੇ ਲੰਮੇਰੀ ਉਮਰ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ ਸਨ।

ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਸੀ ਕਿ ਸਰਦਾਰ ਜਸਵੰਤ ਸਿੰਘ ਕੰਵਲ ਇਕ ਸੰਘਣਾ ਦਰਖ਼ਤ ਹੈ, ਜਿਸ ਦੀ ਅਸੀਂ ਸਾਰੇ ਛਾਂ ਮਾਣ ਰਹੇ ਹਾਂ। ਸਾਰੇ ਪੰਜਾਬੀਆਂ ਨੇ ਇਸ ਦਾ ਆਨੰਦ ਮਾਣਿਆ ਹੈ ਤੇ ਮਾਣ ਰਹੇ ਹਾਂ। ਸਰਦਾਰ ਕੰਵਲ 80 ਸਾਲਾਂ ਤੋਂ ਲਗਾਤਾਰ ਲਿਖਦੇ ਆ ਰਹੇ ਹਨ, ਨੇ ਸਦਾ ਪੰਜਾਬ ਵਿਚ ਜਿੰਨੀਆਂ ਵੀ ਲਹਿਰਾਂ ਚੱਲੀਆਂ ਜਿਵੇਂ ਕਿ ਸਿੱਖ ਖਾੜਕੂ ਲਹਿਰ, ਕਾਮਰੇਡਾਂ ਦੀ ਅਗਵਾਈ, ਨੌਜਵਾਨਾਂ ਦੀ ਹਰ ਸਮੇਂ ਅਗਵਾਈ, ਪੰਜਾਬ ਦੇ ਸਾਹਿਤਕਾਰਾਂ ਦੀ ਸਦਾ ਅਗਵਾਈ ਸਦਾ ਫਰੰਟ 'ਤੇ ਰਹਿ ਕੇ ਕੀਤੀ। ਉਹਨਾਂ ਨੂੰ ਹਮੇਸ਼ਾ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਪੰਜਾਬ ਦੀ ਨੌਜਵਾਨੀ ਪਿਛਲੇ ਇਕ ਦਹਾਕੇ ਤੋਂ ਵੀ ਜ਼ਿਆਦਾ ਸਮੇਂ ਤੋਂ ਵਿਦੇਸ਼ਾਂ 'ਚ ਪ੍ਰਵਾਸ ਕਰ ਰਹੀ ਹੈ ਤੇ ਪੰਜਾਬ ਇਕ ਖਾਲੀ ਸਥਾਨ ਬਣਦਾ ਜਾ ਰਿਹਾ ਹੈ ਤੇ ਇਸ ਨਾਲ ਪੰਜਾਬ ਦਾ ਵਰਤਮਾਨ ਤੇ ਭਵਿੱਖ ਉੱਜੜ ਕੇ ਤਬਾਹੀ ਵੱਲ ਜਾ ਰਿਹਾ ਹੈ। ਇਸ ਸ਼ਤਾਬਦੀ ਦੇ ਮੌਕੇ 'ਤੇ ਹੋਰ ਲੇਖਕਾਂ ਨੇ ਕਿਹਾ ਕਿ ਹੁਣ ਸਾਨੂੰ ਕੰਵਲ ਸਾਹਿਬ ਦੀਆਂ ਲਿਖਤਾਂ ਤੋਂ ਸੇਧ ਲੈਣ ਦੀ ਲੋੜ ਹੈ।

ਜਸਵੰਤ ਸਿੰਘ ਕੰਵਲ ਦੀ ਮਾਨਵਵਾਦੀ ਰੁਚੀ ਦਾ ਇਸ ਗੱਲ ਤੋਂ ਵੀ ਸਪਸ਼ਟ ਸੰਕੇਤ ਮਿਲਦਾ ਹੈ ਕਿ ਉਹ 1947 ਦੀ ਭਾਰਤ-ਪਾਕਿਸਤਾਨ ਵੰਡ ਨੂੰ ਵੀ ਠੀਕ ਨਹੀਂ ਸਮਝਦਾ। ਉਹ ਇਸ 'ਤੇ ਦੁਖੀ ਹੁੰਦਾ ਹੈ ਤੇ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਨਿੰਦਦਾ ਹੈ। ਉਹ ਲੋਕਾਂ ਦੇ ਪਾਕਿਸਤਾਨ ਤੋਂ ਉੱਠ ਕੇ ਭਾਰਤ ਤੇ ਭਾਰਤ ਤੋਂ ਪਾਕਿਸਤਾਨ ਜਾਣ ਵਾਲੇ ਲੋਕਾਂ ਦੇ ਉਜਾੜੇ ਤੇ ਕਤਲੋਗਾਰਤ ਤੋਂ ਬਹੁਤ ਦੁਖੀ ਹੁੰਦਾ ਹੈ। ਉਸ ਸਮੇਂ ਉਹ ਆਪਣੇ ਪਿੰਡ ਦੇ ਨੌਜਵਾਨਾਂ ਨੂੰ ਇਕੱਤਰ ਕਰਦਾ ਹੈ ਤੇ ਮੁਸਲਮਾਨਾਂ ਦੀ ਰੱਖਿਆ ਕਰਨ ਦੀ ਗੱਲ ਉਹਨਾਂ ਨੂੰ ਸਮਝਾਉਂਦਾ ਹੈ ਤੇ ਮਾਨਵਤਾ ਦੀ ਰਾਖੀ ਲਈ ਨੌਜਵਾਨਾਂ ਨੂੰ ਤਿਆਰ ਕਰਦਾ ਹੈ। ਇਸੇ ਲਈ ਹੀ ਉਹਨਾਂ ਦੇ ਪਿੰਡ 'ਚ ਕਿਸੇ ਵੀ ਮੁਸਲਮਾਨ ਦਾ ਕੋਈ ਕਤਲ ਤੇ ਲੁੱਟਮਾਰ ਨਹੀਂ ਹੁੰਦੀ ਤੇ ਉਹ ਆਪਣੇ ਪਿੰਡ ਦੇ ਸਾਰੇ ਮੁਸਲਮਾਨਾਂ ਨੂੰ ਸੁਰੱਖਿਅਤ ਉਹਨਾਂ ਦੇ ਕੈਂਪ 'ਚ ਪਹੁੰਚਾਉਂਦਾ ਹੈ ਤੇ ਉਹਨਾਂ ਦੇ ਸੁਰੱਖਿਅਤ ਪਾਕਿਸਤਾਨ ਪਹੁੰਚਣ 'ਚ ਮਦਦ ਕਰਦਾ ਹੈ। ਬਾਅਦ 'ਚ ਅਮਨ-ਅਮਾਨ ਦੇ ਦਿਨਾਂ 'ਚ ਉਹ ਪਾਕਿਸਤਾਨ 'ਚ ਗਏ ਤੇ ਆਪਣੇ ਦੋਸਤਾਂ ਨੂੰ ਮਿਲਕੇ ਵੀ ਆਉਂਦਾ ਹੈ। ਇਸੇ ਤਰ੍ਹਾਂ ਹੀ ਉਹਨਾਂ ਦੇ ਪਾਕਿਸਤਾਨੀ ਦੋਸਤ ਵੀ ਕੰਵਲ ਨੂੰ ਮਿਲਣ ਲਈ ਉਹਨਾਂ ਦੇ ਪਿੰਡ ਢੁੱਡੀਕੇ ਆਉਂਦੇ ਹਨ ਤੇ ਕਈ ਦਿਨ ਉਹਨਾਂ ਪਾਸ ਹੀ ਰਹਿੰਦੇ ਹਨ। ਅਜਿਹੇ ਰਿਸ਼ਤੇ ਨਿਭਾਉਣ ਦੀ ਭਾਵਨਾ 'ਚੋਂ ਉਹਨਾਂ ਦੇ ਮਾਨਵਵਾਦੀ ਸੁਭਾਅ, ਪਿਆਰ ਤੇ ਹਮਦਰਦੀ ਦੀ ਭਾਵਨਾ ਦਾ ਇਜ਼ਹਾਰ ਹੁੰਦਾ ਹੈ।

ਪੰਜਾਬੀ ਸਾਹਿਤ ਦੇ ਇਤਿਹਾਸ ਦੇ ਪ੍ਰਸਿੱਧ ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਆਪਣੀ ਪੁਸਤਕ 'ਇਕ ਪਾਸ਼ ਇਹ ਵੀ' ਵਿਚ ਜਸਵੰਤ ਸਿੰਘ ਕੰਵਲ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ: ''ਉਹ ਵੇਦਾਂਤ ਬਲੈਸਡ ਜੱਟ ਹੈ। ਧਾਰਮਿਕ ਪੀੜ੍ਹੀ ਦਾ ਪੈਦਾ ਕੀਤਾ ਹੋਇਆ ਕਮਿਊਨਿਸਟ ਹੈ। ਮਾਲਵੇ ਦੀ ਐਂਟੀ-ਭਾਪਾ ਮਿੱਟੀ ਵਿਚ ਜੜ੍ਹੀ ਹੋਈ ਨਾਨਕਸਿੰਘਤਾ ਦੀ ਕਲਮ ਹੈ। ਉਹ ਆਪਣੀਆਂ ਲਿਖਤਾਂ ਵਿਚ ਮਾਲਵੇ ਨੂੰ ਉਹ ਲਿਖਿਆ ਕਿ ਸਾਡੇ ਦੁਆਬੇ ਵਾਲਿਆਂ ਲਈ ਕੰਧ ਓਹਲੇ ਪ੍ਰਦੇਸ਼ ਬਣਾਈ ਰੱਖਿਆ। ਉਸਦੇ ਸਭ ਤੋਂ ਵੱਧ ਪਾਠਕ ਦੁਆਬੇ ਅਤੇ ਮਾਝੇ ਵਿਚ ਹਨ। ਉਸਨੇ ਸਿਰਫ ਅਤੇ ਸਭ ਤੋਂ ਵੱਧ ਮਾਲਵੇ ਬਾਰੇ ਲਿਖਿਆ ਹੈ। ਕਰਤਾਰ ਸਿੰਘ ਮਾਹੀਆਂ ਵਾਲੇ ਤੋਂ ਲੈ ਕੇ ਅਗਲੇ ਜਹਾਨ ਵਿਚ ਬੈਠੇ ਬਲਰਾਜ ਸਾਹਨੀ ਤੱਕ ਉਸ ਦੀ ਯਾਰੀ ਦੇ ਸ਼ਿਕਾਰ ਹਨ। ਉਸਨੇ ਨਾਵਲ ਸਾਹਿਤ ਵਿਚ ਜਿਹੋ ਜਿਹੀ ਵੀ ਘਾਲਣਾ ਘਾਲੀ, ਉਹ ਪ੍ਰੋ. ਗੁਰਦਿਆਲ ਸਿੰਘ ਤੋਂ ਪਹਿਲਾਂ ਦੇ ਸਾਹਿਤ ਦੀ ਪ੍ਰਕਿਰਿਆਤਮਕ ਲੋੜ ਸੀ। ਜਿੰਨਾ ਵੱਡਾ ਕੰਮ ਵੱਡੇ ਸਾਰੇ ਰੂਸ ਵਿਚ ਸਾਰੀ ਸਮਰੱਥਾ ਨਾਲ ਟਾਲਸਟਾਏ ਨੇ ਕੀਤਾ ਸੀ, ਉਨਾ ਵੱਡਾ ਕੰਮ ਕੰਵਲ ਨੇ ਨਿੱਕੇ ਜਿਹੇ ਪੰਜਾਬ ਵਿਚ ਆਪਣੇ ਨਿੱਕੇ ਜਿਹੇ ਤਾਣ ਨਾਲ ਕੀਤਾ ਹੈ। ਪੰਜਾਬੀ ਦੇ ਉਹ ਅਨੇਕਾਂ ਪੁਸ਼ਕਿਨਾ, ਦਾਸਤੋਵਸਕੀਆਂ ਤੋਂ ਅੱਗੇ ਹੈ। ਉਹਨੂੰ ਉਹਦੇ ਸੰਦ੍ਰਿਸ਼ ਵਿਚ ਹੀ ਸਮਝਣਾ ਚਾਹੀਦਾ ਹੈ। ਉਥੇ ਉਹ ਪਿਆਰਨ ਦੀ ਨਹੀਂ, ਸਤਿਕਾਰਨਾ ਵੀ ਹੈ। ਤਾਂ ਵੀ ਮੈਂ ਨਵੀਆਂ ਪੀੜ੍ਹੀਆਂ ਨੂੰ ਕੰਵਲ ਦੇ ਨਹੀਂ, ਸਗੋਂ ਉਹਨਾਂ ਨਾਵਲਕਾਰਾਂ ਦੇ ਨਾਵਲ ਪੜ੍ਹਨ ਦਾ ਮਸ਼ਵਰਾ ਦਿਆਂਗਾ, ਜਿਹਨਾਂ ਕੰਵਲ ਨੂੰ ਪੜ੍ਹ ਕੇ ਲਿਖਣਾ ਸ਼ੁਰੂ ਕੀਤਾ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਹ ਕਵੀ ਹੈ। ਉਸਦੀ ਪੁਸਤਕ 'ਭਾਵਨਾ' ਆਪਣੇ ਛਪਣ ਤੱਕ ਦਾ, ਸਭ ਤੋਂ ਨਿੱਗਰ ਕਾਵਿ ਸੰਗ੍ਰਹਿ ਹੈ। ਇਸ ਵੇਲੇ ਉਹ ਦੁਖੀ ਹੈ ਕਿ ਲੋਕਾਂ ਵਿਚ ਰੂਹਾਨੀਅਤ (ਧਾਰਮਿਕਤਾ ਨਹੀਂ) ਦਾ ਬੋਲਬਾਲਾ ਕਿਉਂ ਨਹੀਂ ਰਿਹਾ। ਪ੍ਰਕਿਰਤਕ ਹੁਸਨ ਤੇ ਅਦੁੱਤੀ ਸਰੂਰ ਕਿਹੜੀ ਗਾਰ ਵਿਚ ਜਾ ਪਏ? ਇਸ਼ਕ ਵਿਚ ਨਿਰਲੇਪਤਾ ਕਿਉਂ ਨਹੀਂ, ਕਵਿਤਾ ਵਿਚ ਲੋਕ ਤਰਜ਼ਾਂ ਕਿਉਂ ਨਹੀਂ ਹਨ।''

ਪੰਜਾਬੀਆਂ ਦੇ ਬਾਈ ਜਸਵੰਤ ਸਿੰਘ ਕੰਵਲ ਦੀ ਜ਼ਿੰਦਗੀ ਤੇ ਲੇਖਣੀ ਬਾਰੇ ਜੇਕਰ ਸੰਖੇਪ ਵਿਚ ਕਹਿਣਾ ਹੋਵੇ ਤਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਸਨੇ ਜਿੰਨਾ ਵੀ ਲਿਖਿਆ ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਚਾਉਣ ਲਈ ਲਿਖਿਆ ਹੈ। ਪੰਜਾਬ ਨੂੰ ਬਚਾਉਣ ਲਈ ਉਸਨੇ ਬੜੇ ਦੁਖੀ ਹਿਰਦੇ ਨਾਲ ਰੱਜ ਕੇ ਹਾਅ ਦਾ ਨਾਅਰਾ ਮਾਰਿਆ ਤੇ ਉਸ ਬਾਰੇ ਦਿਲ ਖੋਲ੍ਹ ਕੇ ਲਿਖਿਆ। ਉਸ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਗੈਰਤ ਨੂੰ ਟੁੰਬਿਆ ਹੈ। ਪੰਜਾਬ ਲਈ ਇਤਨਾ ਦਰਦ ਕਿਸੇ ਹੋਰ ਲਿਖਾਰੀ ਦੇ ਹਿੱਸੇ ਨਹੀਂ ਆਇਆ। ਉਹ ਇਕੱਲਾ ਅਜਿਹਾ ਲਿਖਾਰੀ ਹੈ, ਜਿਸਨੂੰ ਪੰਜਾਬੀਆਂ ਨੇ ਰੱਜ ਕੇ ਪਿਆਰ ਕੀਤਾ ਤੇ ਉਸ ਦੀਆਂ ਲਿਖਤਾਂ ਨੂੰ ਨਿੱਠ ਕੇ ਪੜ੍ਹਿਆ। ਉਹ ਪੰਜਾਬੀ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਇਕੱਲਾ ਲਿਖਾਰੀ ਹੈ। ਉਹ ਇਕੱਲਾ ਹੀ ਅਜਿਹਾ ਲਿਖਾਰੀ ਹੈ, ਜਿਸ ਨੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਨਾਲੋਂ ਕਿਤੇ ਵੱਧ ਲੋਕਾਂ ਨੂੰ ਗਿਆਨ ਦੇ ਲੜ ਲਾਹਿਆ ਤੇ ਆਪਣੀ ਜ਼ਿੰਦਗੀ ਦੇ ਅਸਲੀ ਤਜਰਬੇ 'ਚੋਂ ਹਾਸਲ ਕੀਤੇ ਗਿਆਨ ਦੇ ਭੰਡਾਰ ਨਾਲ ਜਾਗਰਿਤ ਕੀਤਾ। ਉਸ ਦੀਆਂ ਲਿਖਤਾਂ ਦਾ ਭੰਡਾਰ ਹਮੇਸ਼ਾ ਆਉਣ ਵਾਲੀਆਂ ਪੀੜ੍ਹੀਆਂ ਦੀ ਰਹਿਨੁਮਾਈ ਕਰਦਾ ਰਹੇਗਾ ਤੇ ਪੰਜਾਬੀਆਂ ਦਾ ਬਾਈ ਨਵੇਂ ਲੇਖਕਾਂ ਲਈ ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ। ਮੇਰੀ ਉਹਨਾਂ ਨੂੰ ਇਹੀ ਸ਼ਰਧਾਂਜਲੀ ਹੈ ਕਿ ਪ੍ਰਮਾਤਮਾ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰੇ, ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਤੇ ਮਗਰ ਪਰਿਵਾਰ ਲਈ ਭਾਣਾ ਮੰਨਣ ਦਾ ਬਲ ਬਖਸ਼ੇ।

# ਅਰਾਵਲੀ ਪਹਾੜਾਂ ਨੂੰ ਬਚਾਉਣਾ ਜ਼ਰੂਰੀ



ਡਾ. ਗੁਰਿੰਦਰ ਕੌਰ
001-408-493-9776

20 ਜਨਵਰੀ, 2020 ਨੂੰ ਗੁਰੂਗਰਾਮ ਸ਼ਹਿਰ ਦੇ ਲਗਭਗ 100 ਨਾਗਰਿਕਾਂ ਅਤੇ ਵਾਤਾਵਰਨ ਕਾਰਕੁਨਾਂ ਨੇ ਹਰਿਆਣਾ ਸਰਕਾਰ ਦੇ ਅਰਾਵਲੀ ਪਹਾੜਾਂ ਦੇ ਵਾਤਾਵਰਨ ਸੰਵੇਦਨਸ਼ੀਲ ਖੇਤਰ ਪ੍ਰਤਿ ਨਿਰਾਸ਼ਾਜਨਕ ਰਵਈਏ ਨੂੰ ਦੇਖਦੇ ਹੋਏ, ਅਰਾਵਲੀ ਪਹਾੜਾਂ ਦੀ ਅਰਥੀ ਚੁੱਕਕੇ ਸ਼ਾਂਤਮਈ ਰੋਸ ਮੁਜ਼ਾਹਰਾ ਕੀਤਾ ਅਤੇ ਦਾਹ ਸਸਕਾਰ ਕਰ ਦਿੱਤਾ। ਉਸ ਤੋਂ ਬਾਅਦ ਰੋਸ ਮੁਜ਼ਾਹਰਾ ਕਰਨ ਵਾਲਿਆਂ ਨੇ ਸਿਕੰਦਰਪੁਰ ਮੈਟਰੋ ਸਟੇਸ਼ਨ ਦੇ ਬਾਹਰ ਅੱਧਾ ਘੰਟਾ ਬੈਠ ਕੇ ਅਰਾਵਲੀ ਪਹਾੜਾਂ ਦੀ ਸੰਕੇਤਿਕ ਮੌਤ ਉੱਤੇ ਅਫ਼ਸੋਸ ਕਰਦਿਆਂ ਹੋਇਆ, ਇਨਾਂ ਨੂੰ ਬਚਾਉਣ ਲਈ ਗੁਹਾਰ ਲਗਾਈ ਅਤੇ ਉਥੋਂ ਦੇ ਖ਼ਤਮ ਹੋ ਰਹੇ ਪਰਿਆਵਰਨਕ ਪ੍ਰਬੰਧ ਉੱਤੇ ਚਿੰਤਾ ਵੀ ਪ੍ਰਗਟ ਕੀਤੀ। ਇਸ ਸਾਰੀ ਕਾਰਗੁਜ਼ਾਰੀ ਦਾ ਮੁੱਖ ਕਾਰਨ ਤਾਂ ਇਹ ਸੀ ਕਿ ਹਰਿਆਣਾ ਸਰਕਾਰ, ਪੰਜਾਬ ਭੂਮੀ ਸੁਰੱਖਿਆ ਐਕਟ (ਪੀ.ਐੱਲ.ਪੀ.ਏ.) 1900 ਨੂੰ ਖ਼ਤਮ ਕਰਕੇ ਅਰਾਵਲੀ ਖੇਤਰ ਵਿਚ ਪੈਂਦੀ ਜ਼ਮੀਨ ਨੂੰ ਆਮ ਜ਼ਮੀਨ ਵਾਂਗ ਵਰਤਣਾ ਚਾਹੁੰਦੀ ਹੈ। ਇਸ ਸੰਬੰਧ ਵਿਚ 27 ਫਰਵਰੀ, 2019 ਨੂੰ ਹਰਿਆਣਾ ਸਰਕਾਰ ਨੇ ਵਿਧਾਨ ਸਭਾ ਵਿਚ ਪੀ.ਐੱਲ.ਪੀ.ਏ. 1900 ਵਿਚ ਸੋਧ ਕਰਨ ਲਈ ਇਕ ਬਿਲ ਪਾਸ ਕੀਤਾ ਸੀ ਜਿਸ ਨਾਲ ਅਰਾਵਲੀ ਪਹਾੜਾਂ ਦੀ 60,000 ਏਕੜ ਜ਼ਮੀਨ ਵਪਾਰਿਕ ਅਤੇ ਵਿਕਾਸ ਕਾਰਜਾਂ ਲਈ ਰਾਜ ਨੂੰ ਮੁੱਹਈਆ ਹੋ ਜਾਵੇਗੀ। ਪੁਰਾਣੇ ਕਾਨੂੰਨ (ਪੀ.ਐੱਲ.ਪੀ.ਏ. 1900) ਵਿਚ ਸੋਧ ਕਰਨ ਦੇ ਸੰਬੰਧ ਵਿਚ ਦਲੀਲ ਦਿੰਦੇ ਹੋਏ ਕਿਹਾ ਗਿਆ ਕਿ ਇਹ ਕਾਨੂੰਨ ਰਾਜ ਦੇ ਵਿਕਾਸ ਦੇ ਕੰਮਾਂ ਵਿਚ ਰੁਕਾਵਟ ਪਾ ਰਿਹਾ ਹੈ। ਇਸ ਵਿਚ ਸੋਧ ਕਰਨ ਦਾ ਫੈਸਲਾ ਰਾਜ ਦੇ ਮੁਖ ਮੰਤਰੀ ਮਨੋਹਰ ਲਾਲ ਖੱਟਰ ਦੀ ਪ੍ਰਧਾਨਗੀ ਵਿਚ ਲਿਆ ਗਿਆ ਸੀ। ਹਰਿਆਣਾ ਸਰਕਾਰ ਦੇ ਨਵੇਂ ਬਿਲ ਅਨੁਸਾਰ ਅਰਾਵਲੀ ਖੇਤਰ ਵਿਚ ਜ਼ਿਲ੍ਹੇ ਗੁਰੂਗਰਾਮ ਦੀ 17000 ਏਕੜ ਅਤੇ ਫ਼ਰੀਦਾਬਾਦ ਜ਼ਿਲ੍ਹੇ ਦੀ 10445 ਏਕੜ ਜ਼ਮੀਨ ਕਾਨੂੰਨੀ ਤੌਰ ਉੱਤੇ ਵਿਕਾਸ ਕਾਰਜਾਂ ਲਈ ਵਰਤੀ ਜਾ ਸਕੇਗੀ ਪਰ ਪੁਰਾਣੇ ਕਾਨੂੰਨ ਵਿਚ ਇਸ ਸੋਧ ਨਾਲ ਅਰਾਵਲੀ ਪਹਾੜਾਂ ਦੇ ਨਾਲ ਨਾਲ ਆਲੇ-ਦੁਆਲੇ ਦੇ ਤਰ੍ਹਾਂ ਦੇ ਵਾਤਾਵਰਨ ਵਿਚ ਵਿਗਾੜ ਪੈਦਾ ਹੋ ਜਾਣਗੇ। ਇਸ ਲਈ ਉਨ੍ਹਾਂ ਨੇ ਇਸ ਬਿਲ ਦੇ ਵਿਰੋਧ ਵਿਚ ਸੁਪਰੀਮ ਕੋਰਟ ਵਿਚ ਪਟੀਸ਼ਨ ਕਰ ਦਿੱਤੀ ਸੀ ਜਿਸ ਉੱਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ 5 ਮਾਰਚ, 2019 ਨੂੰ ਹਰਿਆਣਾ ਸਰਕਾਰ ਉੱਤੇ ਅਰਾਵਲੀ ਖੇਤਰ ਵਿਚ ਨਵੀਂ ਸੋਧ ਅਨੁਸਾਰ ਕਿਸੇ ਵੀ ਖੇਤਰਾਂ ਦੀ ਉਸਾਰੀ ਉੱਤੇ ਰੋਕ ਲਗਾ ਦਿੱਤੀ ਸੀ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਸਖ਼ਤ ਆਦੇਸ਼ਾਂ ਦੇ ਬਾਵਜੂਦ ਗੁਰੂਗਰਾਮ ਦੇ ਅਰਾਵਲੀ ਖੇਤਰ ਵਿਚ ਉਸਾਰੀ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਜਿਸ ਦੇ ਰੋਸ ਵਜੋਂ ਗੁਰੂਗਰਾਮ ਵਿਚ ਇਹ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤਾ ਗਿਆ। ਪੀ.ਐੱਲ.ਪੀ.ਏ. 1900 ਬ੍ਰਿਟਿਸ਼ ਸਰਕਾਰ ਨੇ ਅਣਵੰਡੇ ਪੰਜਾਬ ਰਾਜ ਦੇ ਸ਼ਿਵਾਲਿਕ ਅਤੇ ਅਰਾਵਲੀ ਪਹਾੜੀ ਖੇਤਰਾਂ ਦੇ ਜੰਗਲਾਂ ਨੂੰ ਬਚਾਉਣ ਲਈ ਬਣਾਇਆ ਸੀ।

ਅਰਾਵਲੀ ਪਹਾੜ, ਗੁਜਰਾਤ ਦੇ ਖੇੜਬ੍ਰਹਮ ਤੋਂ ਸ਼ੁਰੂ ਹੋ ਕੇ ਰਾਜਸਥਾਨ ਅਤੇ ਹਰਿਆਣੇ ਤੋਂ ਲੈ ਕੇ ਦਿੱਲੀ ਦੇ ਰਾਇਸੀਨਾ ਹਿਲਜ਼ (ਜਿੱਥੇ ਰਾਸ਼ਟਰਪਤੀ ਭਵਨ ਸਥਿਤ ਹੈ) ਤੱਕ ਫੈਲੇ ਹੋਏ ਹਨ। ਇਨ੍ਹਾਂ ਦੀ ਕੁਲ ਲੰਬਾਈ 692 ਕਿਲੋਮੀਟਰ ਹੈ। ਰਿਕਾਰਡ ਮੁਤਾਬਕ ਇਹ ਪਹਾੜ 65 ਸਾਲ ਕਰੋੜ ਪੁਰਾਣੇ ਹਨ ਅਤੇ ਇਨ੍ਹਾਂ ਪਹਾੜਾਂ ਨੂੰ ਦੁਨੀਆ ਦੇ ਸਭ ਤੋਂ ਪੁਰਾਣੇ ਪਹਾੜਾਂ ਦੇ ਤੌਰ ਉੱਤੇ ਵੀ ਜਾਣਿਆ ਜਾਂਦਾ ਹੈ। ਅਰਾਵਲੀ ਪਹਾੜਾਂ ਦਾ 80 ਫ਼ੀਸਦ ਹਿੱਸਾ ਰਾਜਸਥਾਨ ਅਤੇ 20 ਫ਼ੀਸਦ ਹਿੱਸਾ ਗੁਜਰਾਤ ਅਤੇ ਹਰਿਆਣਾ ਵਿਚ ਪੈਂਦਾ ਹੈ। ਅਰਾਵਲੀ ਪਹਾੜਾਂ ਦੀ ਹੋਂਦ ਤਿੰਨੇ ਰਾਜਾਂ ਗੁਜਰਾਤ, ਰਾਜਸਥਾਨ ਅਤੇ ਹਰਿਆਣਾ ਵਿਚ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਵਰਲਡ ਲਾਈਫ਼ ਇਨਸਟੀਚਿਊਟ ਆਫ਼ ਇੰਡੀਆ ਨੇ ਵੀ 2017 ਦੀ ਆਪਣੀ ਇਕ ਰਿਪੋਰਟ ਵਿਚ ਇਨ੍ਹਾਂ ਦੀ ਤਰਾਸਦੀ ਦਾ ਖ਼ੁਲਾਸਾ ਕੀਤਾ ਸੀ ਕਿ ਹਰਿਆਣਾ ਦੇ ਅਰਾਵਲੀ ਪਹਾੜਾਂ ਦੇ ਜੰਗਲ ਭਾਰਤ ਦੇ ਜੰਗਲਾਂ ਵਿਚੋਂ ਸੱਭ ਤੋਂ ਸੰਕਟਮਈ ਅਵਸਥਾ ਵਿਚੋਂ ਲੰਗ ਰਹੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਰਾਜ ਸਰਕਾਰਾਂ ਅਰਾਵਲੀ ਪਹਾੜਾਂ ਦੇ ਰੱਖ-ਰਖਾਅ ਪ੍ਰਤਿ ਆਪਣੀ ਬਣਦੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਹੀਂ ਨਿਭਾ ਰਹੀਆਂ ਹਨ ਅਤੇ ਹਰਿਆਣੇ ਵਿਚ ਤਾਂ ਅਰਾਵਲੀ ਦੇ ਪਹਾੜੀ ਖੇਤਰ ਵਿਚ ਪੀ.ਐੱਲ.ਪੀ.ਏ. 1900 ਦੀ ਉਲੰਘਣਾ ਕਰਕੇ ਗ਼ੈਰ-ਕਾਨੂੰਨੀ ਉਸਾਰੀਆਂ ਅਤੇ ਖਣਿਜਾਂ ਦੀ ਖੁਦਾਈ ਦਾ ਕੰਮ ਬਿਨਾਂ ਰੋਕ-ਟੋਕ ਤੋਂ ਚੱਲ ਰਿਹਾ ਹੈ। ਵਰਲਡ ਲਾਈਫ਼ ਇੰਸਟੀਚਿਊਟ ਆਫ਼ ਇੰਡੀਆ ਦੀ ਇਕ ਹੋਰ ਰਿਪੋਰਟ ਅਨੁਸਾਰ 1980 ਤੱਕ ਅਰਾਵਲੀ ਦੇ ਸਿਰਫ਼ 247 ਵਰਗ ਕਿਲੋਮੀਟਰ ਵਿਚ ਅਬਾਦੀ ਸੀ, ਜਿਹੜੀ ਹੁਣ ਵਧ ਕੇ 638 ਵਰਗ ਕਿਲੋਮੀਟਰ ਵਿਚ ਹੋ ਗਈ ਹੈ ਅਤੇ ਇਸਦੇ 47 ਵਰਗ ਕਿਲੋਮੀਟਰ ਵਿਚ ਤਾਂ ਕਾਰਖਾਨੇ ਵੀ ਲੱਗੇ ਹੋਏ ਹਨ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਵੀਹਵੀਂ ਸਦੀ ਦੇ ਅੰਤ ਤੱਕ ਅਰਾਵਲੀ ਖੇਤਰ ਦੇ 80 ਫ਼ੀਸਦ ਹਿੱਸੇ ਵਿਚ ਜੰਗਲ ਸਨ, ਪਰ ਹੁਣ ਇਹ ਜੰਗਲ ਘਟ ਕੇ ਸਿਰਫ਼ 20 ਫ਼ੀਸਦ ਹਿੱਸੇ ਵਿਚ ਰਹਿ ਗਏ ਹਨ। ਅਰਾਵਲੀ ਪਹਾੜੀ ਖੇਤਰ ਕੁਦਰਤੀ ਸਰੋਤਾਂ ਦਾ ਇਕ ਵੱਡਾ ਭੰਡਾਰ ਹੈ। ਇੱਥੇ ਤਰ੍ਹਾਂ ਤਰ੍ਹਾਂ ਦੇ ਖਣਿਜ ਤਾਂ ਮਿਲਦੇ ਹੀ ਹਨ ਅਤੇ ਇਸ ਦੇ ਨਾਲ ਨਾਲ 400 ਤਰ੍ਹਾਂ ਦੇ ਦਰੱਖਤ, ਝਾੜੀਆਂ ਅਤੇ 200 ਤਰ੍ਹਾਂ ਪਸ਼ੂਆਂ ਅਤੇ ਪੰਛੀਆਂ ਦੀਆਂ ਕਿਸਮਾਂ ਵੀ ਮਿਲਦੀਆਂ ਹਨ ਜੋ ਕੁਦਰਤੀ ਵਾਤਾਵਰਨ ਨੂੰ ਸੰਤੁਲਨ ਵਿਚ ਲਿਆਉਣ ਲਈ ਅਹਿਮ ਯੋਗਦਾਨ ਪਾਉਂਦੀਆਂ ਹਨ। ਅਰਾਵਲੀ ਪਹਾੜ ਰਾਜਸਥਾਨ ਦੇ ਮਾਰੂਥਲੀ ਖੇਤਰ ਤੋਂ ਆਉਣ ਵਾਲੀਆਂ ਰੇਤਲੀਆਂ ਹਨੇਰੀਆਂ ਨੂੰ ਰੋਕਦਾ ਹੈ ਜਿਸ ਨਾਲ ਹਰਿਆਣਾ ਅਤੇ ਪੰਜਾਬ ਦੇ ਰਾਜਸਥਾਨ ਨਾਲ ਲੱਗਦੇ ਇਲਾਕੇ ਮਾਰੂਥਲ ਬਣਨ ਤੋਂ ਬਚੇ ਹੋਏ ਹਨ। ਜਿਨ੍ਹਾਂ ਥਾਵਾਂ ਉੱਤੇ ਅਰਾਵਲੀ ਪਹਾੜਾਂ ਦੀਆਂ ਚੋਟੀਆਂ ਖਣਿਜ ਪਦਾਰਥ ਕੱਢਣ ਨਾਲ ਖ਼ਤਮ ਹੋ ਗਈਆਂ ਹਨ ਉਹ ਖੇਤਰ ਤੇ ਤੇਜ਼ੀ ਨਾਲ ਰੇਤਲੀਆਂ ਹਨੇਰੀਆਂ ਦੀ ਲਪੇਟ ਵਿਚ ਆ ਰਹੇ ਹਨ ਅਤੇ ਹੁਣ ਫ਼ਿਕਰ ਇਸ ਗੱਲ ਦਾ ਹੈ ਜੇਕਰ ਅਰਾਵਲੀ ਪਹਾੜਾਂ ਨੂੰ ਰਾਜ ਸਰਕਾਰਾਂ ਆਰਥਿਕ ਵਿਕਾਸ ਦੇ ਨਾਂ ਉੱਤੇ ਸ਼ਹਿਰੀਕਰਨ ਅਤੇ ਖਣਿਜਾਂ ਦੀ ਖੁਦਾਈ ਲਈ ਉਜਾੜਦੀਆਂ ਰਹੀਆਂ ਤਾਂ ਹੌਲੀ ਹੌਲੀ ਮਾਰੂਥਲ ਹਰਿਆਣਾ ਅਤੇ ਪੰਜਾਬ ਦੀ ਉਪਜਾਊ ਧਰਤੀ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ।



ਅਰਾਵਲੀ ਪਹਾੜਾਂ ਉੱਤੇ ਮਿਲਦੀ ਬਨਸਪਤੀ ਆਪਣੀ ਜੈਵਿਕ ਵਿਭਿੰਨਤਾ ਤੋਂ ਇਲਾਵਾ ਵਾਤਾਵਰਨ ਵਿਚਲੀਆਂ ਪ੍ਰਦੂਸ਼ਿਤ ਗੈਸਾਂ ਨੂੰ ਆਪਣੇ ਅੰਦਰ ਸੋਖ ਕੇ ਆਲੇ-ਦੁਆਲੇ ਦੇ ਖੇਤਰਾਂ ਨੂੰ ਕੁਦਰਤੀ ਤੌਰ ਉੱਤੇ ਸਾਫ਼ ਰੱਖਣ ਦਾ ਵੀ ਕੰਮ ਕਰਦੀ ਹੈ। ਜੇਕਰ ਹੁਣ ਹਰਿਆਣਾ ਸਰਕਾਰ ਪੀ.ਐੱਲ.ਪੀ.ਏ. 1900 ਵਿਚ ਕੀਤੀ ਸੋਧ ਅਨੁਸਾਰ ਆਪਣੇ ਰਾਜ ਦੇ ਅਰਾਵਲੀ ਖੇਤਰ ਵਿਚ ਪੈਂਦੇ ਇਲਾਕਿਆਂ ਨੂੰ ਸ਼ਹਿਰਾਂ ਦੇ ਵਾਧੇ ਜਾਂ ਹੋਰ ਵਿਕਾਸ ਕਾਰਜਾਂ ਲਈ ਵਰਤਦੀ ਹੈ ਤਾਂ ਦਿੱਲੀ ਅਤੇ ਐੱਨ.ਸੀ.ਆਰ. ਦੇ ਹੋਰ ਸ਼ਹਿਰ ਜਿਹੜੇ ਪਹਿਲਾਂ ਹੀ ਬੁਰੀ ਤਰ੍ਹਾਂ ਹਵਾ ਦੇ ਪ੍ਰਦੂਸ਼ਣ ਦੀ ਲਪੇਟ ਵਿਚ ਆਏ ਹੋਏ ਹਨ ਉੱਥੇ ਹਵਾ ਦੇ ਪ੍ਰਦੂਸ਼ਣ ਦੀ ਸਮੱਸਿਆ ਹੋਰ ਵੀ ਗਹਿਰਾ ਜਾਵੇਗੀ। 2018 ਵਿਚ ਜਦੋਂ ਦਿੱਲੀ ਹਵਾ ਦੇ ਭਿਆਨਕ ਪ੍ਰਦੂਸ਼ਣ ਦੀ ਮਾਰ ਵਿਚ ਆਈ ਹੋਈ ਸੀ ਉਦੋਂ ਸੁਪਰੀਮ ਕੋਰਟ ਨੇ ਰਾਜਸਥਾਨ ਸਰਕਾਰ ਨੂੰ ਅਰਾਵਲੀ ਪਹਾੜਾਂ ਦੇ 115.34 ਹੈਕਟੇਅਰ ਖੇਤਰ ਵਿਚ ਖਣਿਜਾਂ ਦੀ ਖੁਦਾਈ ਉੱਤੇ 48 ਘੰਟਿਆਂ ਲਈ ਰੋਕ ਲਗਾ ਦਿੱਤੀ ਸੀ ਜਿਸ ਦਾ ਮਤਲਬ ਸਿੱਧਾ ਅਤੇ ਸਾਫ਼ ਹੈ ਕਿ ਅਰਾਵਲੀ ਪਹਾੜਾਂ ਨਾਲ ਹੁੰਦੀ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਆਲੇ-ਦੁਆਲੇ ਦੇ ਵਾਤਾਵਰਨ ਉੱਤੇ ਬੁਰਾ ਪ੍ਰਭਾਵ ਪਾਉਂਦੀ ਹੈ।

ਅਰਾਵਲੀ ਦਾ ਪਹਾੜੀ ਖੇਤਰ ਧਰਤੀ ਦੇ ਹੇਠਲੇ ਪਾਣੀ ਨੂੰ ਰਿਚਾਰਜ ਕਰਨ ਲਈ ਵੀ ਮਦਦ ਕਰਦਾ ਹੈ। ਦਿੱਲੀ, ਗੁਰੂਗਰਾਮ, ਫਰੀਦਾਬਾਦ ਆਦਿ ਵਰਗੇ ਸ਼ਹਿਰ ਜਿਹੜੇ ਹਰ ਸਾਲ ਗਰਮੀਆਂ ਵਿਚ ਪਾਣੀ ਦੀ ਕਮੀ ਨਾਲ ਜੂਝਦੇ ਹਨ, ਪੀ.ਐੱਲ.ਪੀ.ਏ. 1900 ਵਿਚ ਹੋਣ ਵਾਲੀ ਸੋਧ ਨਾਲ ਅਰਾਵਲੀ ਪਹਾੜ ਤਾਂ ਉਜੜ ਹੀ ਜਾਣਗੇ, ਪਰ ਇਸ ਦੇ ਨਾਲ ਨਾਲ ਇਨ੍ਹਾਂ ਸਾਰੇ ਸ਼ਹਿਰਾਂ ਨੂੰ ਪਾਣੀ ਦੀ ਥੁੜ੍ਹ ਦੀ ਸਮੱਸਿਆ ਵੱਲ ਧੱਕ ਦੇਣਗੇ। ਜੰਗਲ ਇਕ ਅਜਿਹਾ ਅਣਮੁੱਲਾ ਕੁਦਰਤੀ ਸਰੋਤ ਹੁੰਦੇ ਹਨ ਜੋ ਕਿਸੇ ਵੀ ਥਾਂ ਦੀ ਹਵਾ ਨੂੰ ਤਾਂ ਸ਼ੁਧ ਕਰਦੇ ਹੀ ਹਨ, ਧਰਤੀ ਹੇਠਲੇ ਪਾਣੀ ਦੀ ਮਾਤਰਾ ਨੂੰ ਵਧਾਉਂਦੇ ਅਤੇ ਸਾਫ਼ ਵੀ ਕਰਦੇ ਹਨ ਅਤੇ ਇਸ ਦੇ ਨਾਲ ਨਾਲ ਕਿਸੇ ਥਾਂ ਦੇ ਤਾਪਮਾਨ ਨੂੰ ਵੀ ਕਾਬੂ ਵਿਚ ਰੱਖਦੇ ਹਨ। ਕਿਸੇ ਵੀ ਖੇਤਰ ਦੇ ਵਾਤਾਵਰਨ ਦਾ ਸੰਤੁਲਨ ਬਣਾਈ ਰੱਖਣ ਲਈ ਉੱਥੇ 33 ਫ਼ੀਸਦ ਰਕਬੇ ਵਿਚ ਜੰਗਲ ਹੋਣਾ ਚਾਹੀਦਾ ਹੈ, ਪਰ ਹਰਿਆਣਾ ਵਿਚ ਇਹ ਪਹਿਲਾਂ ਹੀ ਸਿਰਫ਼ 3.7 ਫ਼ੀਸਦ, ਫਰੀਦਾਬਾਦ ਵਿਚ 4.32 ਫ਼ੀਸਦ ਅਤੇ ਗੁਰੂਗਰਾਮ 1.89 ਫ਼ੀਸਦ ਜੰਗਲ ਹੈ। ਹੁਣ ਜੇਕਰ ਅਰਾਵਲੀ ਦੇ ਜੰਗਲ ਆਰਥਿਕ ਵਿਕਾਸ ਦੀ ਆੜ ਵਿਚ ਖ਼ਤਮ ਵੀ ਕਰ ਦਿੱਤੇ ਜਾਂਦੇ ਹਨ ਤਾਂ ਹਰਿਆਣਾ ਰਾਜ ਅਤੇ ਇਸ ਦੇ ਗੁਰੂਗਰਾਮ, ਫ਼ਰੀਦਾਬਾਦ ਸਮੇਤ ਕਈ ਹੋਰ ਸ਼ਹਿਰ ਪੀਣ ਵਾਲੇ ਪਾਣੀ ਅਤੇ ਸਾਫ਼ ਹਵਾ ਲਈ ਤਰਸ ਜਾਣਗੇ।

ਇਸ ਲਈ ਹਰਿਆਣਾ ਸਰਕਾਰ ਨੂੰ ਚਾਹੀਦਾ ਹੈ ਕਿ ਅਰਾਵਲੀ ਪਹਾੜਾਂ ਦਾ ਵਿਕਾਸ ਦੇ ਨਾਂ ਉੱਤੇ ਉਜਾੜਾ ਨਾ ਕਰਕੇ ਵਿਕਾਸ ਦੀ ਅਜਿਹੀ ਵਿਉਂਤਬੰਦੀ ਕਰੇ ਤਾਂ ਕਿ ਇੱਥੋਂ ਦੇ ਵਸਨੀਕ ਸ਼ੁੱਧ ਹਵਾ ਅਤੇ ਪਾਣੀ ਦੇ ਨਾਲ ਨਾਲ ਅਰਾਵਲੀ ਪਹਾੜਾਂ ਦੀ ਬਨਸਪਤੀ, ਜੀਵ-ਜੰਤੂਆਂ ਅਤੇ ਉਨ੍ਹਾਂ ਦੀ ਸੁੰਦਰਤਾ ਦਾ ਆਨੰਦ ਮਾਣ ਸਕਣ।

* **ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**








ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

**ਸ. ਜਗੀਰ ਸਿੰਘ ਅਤੇ ਸਰਦਾਰਨੀ ਦਵਿੰਦਰ ਕੌਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਦਾ 643ਵਾਂ ਗੁਰਪੁਰਬ ਮਨਾਏ ਜਾਣ ਦੀਆਂ ਸਮੂਹ ਗੁਰੂ ਗ੍ਰੰਥ ਸਾਹਿਬ ਨਾਮ ਲੇਵਾ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ ਸਮੂਹ ਗੁਰੂ ਸਾਹਿਬਾਨ ਨੂੰ ਕੋਟਿਨ ਕੋਟਿ ਪ੍ਰਣਾਮ**





## S. Jagir Singh & Sardarni Davinder Kaur



Jasvir Singh, Sandeep Singh, Ranjot Singh & Charanvir Singh



Tarundeep Singh, Monkia Kaur , Amarveer Singh & Kulwant Kaur



Ravinder Singh, Shivani Singh, Gurleen Singh & Veer Singh

# AMAR TRANSPORTATION INC



Thinking of Buying or Selling a Home? I Can Help!
COMMERCIAL & RESIDENTIAL REAL ESTATE
JOHN SINGH BANGA
Honest & Experienced Realtor
916-271-5404
banga.realtor@gmail.com
www.banga.bhhser.com
FOR OVER 15 YEARS A TOP PRODUCER
CALBRE#01397975
MLS
BERKSHIRE HATHAWAY HomeServices Elite Real Estate
Buying or Selling any Business? Call Now 916-271-5404
ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404
AVAILABLE
Indian Restaurant
For Sale In Stockton
All Equipment & Fixtures Included
Listing Price: $149,900
AVAILABLE
2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA
Price Reduced
CIGARETTES XPRESS
AVAILABLE
Smoke Shop for Sale in Sacramento
Monthly Gross Sales: $50K
Listing Price: $89,000
Pending
Inside Monthly Gross Sale $180K
Gas Station, Liquor Store,
Deli, & Laundromat!
In Contra Costa County, CA
Listing Price: $1,200,000
AUTO REPAIR
AVAILABLE
Auto Repair & Lube Shop
Lot Size: 2000, Rent is ONLY
$1500/mo.
Listing Price to $149,000
Sacramento, CA
LIQUORS
CHECK CASHING
AVAILABLE
Liquor Store for Sale in Santa Clara
Monthly Gross Sale: $90K
Listing Price: $649,000 plus Inventory
AVAILABLE
3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA
AVAILABLE
5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA
SUBWAY
Pending
Price Reduced
Subway
for Sale in Sacramento
Listing Price: $224,900
AVAILABLE
Indian Restaurant
for Sale in Sacramento
Listing Price: $149,000
AVAILABLE
Price Reduced
Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory
AVAILABLE
Absentee Owner
Coffee Shop for Sale
Monthly Gross Sales: $25,000
Listing Price: $150,000
AVAILABLE
7Eleven
7 Eleven Store For Sale in Antioch, CA
Listing Price: $550,000
Have you been thinking of buying Rental Properties?
Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call me at 916-271-5404 or email me at banga.realtor@gmail.com
AVAILABLE
Seymour, 3 Bedroom, 1 Bathroom
Sqft: 1600, Lot Size: 10.00
Listing Price: $1,500,000
BERKSHIRE HATHAWAY
BH HS
BERKSHIRE HATHAWAY
Home Services
Elite Real Estate
OFFICE: 7412 ELSIE AVE., SACRAMENTO, CA 95828



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
facebook
Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com